

ਸੰਵਾਦ-16 (ਜੁਲਾਈ-ਦਸੰਬਰ 2022) ISSN : 2395-1273 **www.sanvad.org**

# ਅਜੋਕਾ ਪੰਜਾਬੀ ਨਾਵਲ :
## ਸਮਾਜਕ ਤੇ ਕਲਾਤਮਕ ਮਹੱਤਵ

ਸਾਡੇ ਪੰਜਾਬੀ ਨਾਵਲ ਨੇ ਸਵਾ-ਸਦੀ ਦੀ ਉਮਰ ਹੰਢਾ ਲਈ ਹੈ। ਨਾਵਲ ਦੇ ਲੰਮੇ ਇਤਿਹਾਸ ਵਿਚ ਆਪਣੇ ਸਮਿਆਂ ਮੁਤਾਬਕ ਕਈ ਰੰਗ-ਰੂਪ ਹਨ। ਪੰਜਾਬੀ ਨਾਵਲ ਸਦਾ ਸਮਾਜ ਦੀ ਤੋਰ ਨਾਲ ਰਵਾਂ-ਦਵਾਂ ਰਿਹਾ ਹੈ। ਇਸ ਨਿਰੰਤਰਤਾ ਵਿਚ ਵਧੇਰੇ ਨਾਵਲਾਂ ਦਾ ਮਹੱਤਵ ਆਪਣੇ ਸਮਕਾਲ ਤੱਕ ਹੀ ਸੀਮਿਤ ਵਿਖਾਈ ਦਿੰਦਾ ਹੈ। ਅਕਸਰ ਹੀ ਸਾਹਿਤ ਰਚਨਾਵਾਂ ਦੀ ਵਿਸ਼ੇਸ਼ਤਾ ਆਪਣੇ ਸਮਕਾਲ ਅਤੇ ਆਪਣੀ ਪਰੰਪਰਾ ਦੇ ਪ੍ਰਸੰਗ ਵਿਚ ਹੀ ਬਣਦੀ ਹੈ। ਅਜੇਹੇ ਦੁਵੱਲੇ ਪੱਖ ਤੋਂ ਸਾਡੇ ਕੁਝ ਨਾਵਲ ਆਪਣੇ ਸਮਾਜਕ ਅਤੇ ਕਲਾਤਮਕ ਮਹੱਤਵ ਕਾਰਨ ਯਾਦਗਾਰੀ ਰਚਨਾਵਾਂ ਬਣੇ ਹਨ। ਨਾਵਲ ਦੇ ਇਤਿਹਾਸ ਵਿਚ ਅਜੇਹੀਆਂ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚੋਂ ਨਾਨਕ ਸਿੰਘ ਦਾ **ਚਿੱਟਾ ਲਹੂ** (1932), **ਪਵਿੱਤਰ ਪਾਪੀ** (1942), ਸੁਰਿੰਦਰ ਸਿੰਘ ਨਰੂਲਾ ਦਾ **ਪਿਉ ਪੁੱਤਰ** (1946), ਸੰਤ ਸਿੰਘ ਸੇਖੋਂ ਦਾ **ਲਹੂ ਮਿੱਟੀ** (1949), ਸੋਹਣ ਸਿੰਘ ਸੀਤਲ ਦਾ **ਤੂਤਾਂ ਵਾਲਾ ਖੂਹ** (1963), **ਜੁੱਗ ਬਦਲ ਗਿਆ** (1972), ਜਸਵੰਤ ਸਿੰਘ ਕੰਵਲ ਦਾ **ਪੂਰਨਮਾਸ਼ੀ** (1967), **ਰਾਤ ਬਾਕੀ ਹੈ** (1952), ਗੁਰਦਿਆਲ ਸਿੰਘ ਦਾ ਮੜ੍ਹੀ ਦਾ **ਦੀਵਾ** (1964), **ਅਣਹੋਏ** (1966), **ਪਰਸਾ** (1992), ਦਲੀਪ ਕੌਰ ਟਿਵਾਣਾ ਦਾ **ਏਹੁ ਹਮਾਰਾ ਜੀਵਣਾ** (1969), ਰਾਮ ਸਰੂਪ ਅਣਖੀ ਦਾ **ਕੋਠੇ ਖੜਕ ਸਿੰਘ** (1985), **ਪਰਤਾਪੀ** (1993), ਕਰਮਜੀਤ ਸਿੰਘ ਕੁੱਸਾ ਦਾ **ਰੋਹੀ ਬੀਆਬਾਨ** (1983), ਜਸਬੀਰ ਮੰਡ ਦਾ **ਔੜ ਦੇ ਬੀਜ** (1986) ਅਤੇ ਅਜੇਹੇ ਕਈ ਹੋਰ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਵੱਡੀਆਂ (ਮਿਆਰੀ) ਰਚਨਾਵਾਂ ਹਨ। ਪੰਜਾਬੀ ਨਾਵਲ ਦੇ ਇਤਿਹਾਸ ਵਿਚ ਜਦ ਕਦੀ ਮਿਆਰੀ ਜਾਂ ਸ਼ਾਹਕਾਰ ਰਚਨਾਵਾਂ ਬਾਰੇ ਗੱਲ ਹੋਵੇਗੀ ਤਾਂ ਅਜੇਹੇ ਨਾਵਲਾਂ ਦਾ ਅਵੱਸ਼ ਹੀ ਜ਼ਿਕਰ ਹੋਵੇਗਾ। ਹੁਣ ਵੀ ਬਹੁਤ ਸਾਰਾ ਨਾਵਲ ਲਿਖਿਆ ਜਾ ਰਿਹਾ ਹੈ। ਇਸ ਦਾ ਆਪਣਾ ਸਾਹਿਤਕ ਤੇ ਸਮਾਜਕ ਮੁੱਲ ਹੈ। ਪਰ ਇਸ ਵਿਚੋਂ ਵੀ ਕੁਝ ਰਚਨਾਵਾਂ ਹੀ ਆਪਣੀ ਵਿਸ਼ੇਸ਼ ਛਾਪ ਛੱਡਦੀਆਂ ਨਜ਼ਰ ਆਉਂਦੀਆਂ ਹਨ। ਇਥੇ ਇਸ ਲੇਖ ਵਿਚ ਅਜੇਹੀ ਪੁਣ-ਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।



**ਡਾ. ਮਹਿਲ ਸਿੰਘ**
ਪ੍ਰਿੰਸੀਪਲ
ਖ਼ਾਲਸਾ ਕਾਲਜ
ਅੰਮ੍ਰਿਤਸਰ
98722-66667
khalsacollegeamristar@
yahoo.com

ਸਾਦਿਕ ਸੁਲਤਾਨ ਸ਼ੇਰ ਸ਼ਾਹ ਸੂਰੀ ਮਨਮੋਹਨ ਬਾਵਾ ਦਾ 2018 ਵਿਚ ਛਪਿਆ ਨਾਵਲ ਹੈ। ਇਸ ਨਾਵਲ ਰਾਹੀਂ ਮਨਮੋਹਨ ਬਾਵਾ ਨੇ ਸ਼ੇਰ ਸ਼ਾਹ ਸੂਰੀ ਦੀ ਮਹਾਨਤਾ ਦਾ ਗਲਪੀ ਬਿੰਬ ਪੇਸ਼ ਕੀਤਾ ਹੈ। ਸ਼ੇਰ ਸ਼ਾਹ ਸੂਰੀ ਨੂੰ ਸਮੁੱਚੇ ਭਾਰਤ ਨੂੰ ਰਾਸ਼ਟਰੀ ਮਾਰਗਾਂ ਨਾਲ ਜੋੜਨ ਵਾਲੇ ਪਹਿਲੇ ਬਾਦਸ਼ਾਹ ਵਜੋਂ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਮਾਰਗਾਂ ਜਾਂ ਸ਼ਾਹ-ਰਾਹਾਂ ਉੱਤੇ ਯਾਤਰੀਆਂ ਦੇ ਠਹਿਰਨ ਲਈ ਸਰਾਵਾਂ ਤੇ ਲੰਗਰ ਦੇ ਵੀ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਸੇਰ ਸ਼ਾਹ ਸੂਰੀ ਨੇ ਜ਼ਮੀਨੀ ਬੰਦੋਬਸਤ ਤਹਿਤ ਕਿਸਾਨੀ ਦੇ ਹਿੱਤਾਂ ਵਿਚ ਕਈ ਸੁਧਾਰ ਕੀਤੇ ਸਨ। ਸ਼ੇਰ ਸ਼ਾਹ

ਸੂਰੀ ਨੇ ਜ਼ਮੀਨ ਨੂੰ ਵੱਧ ਉਪਜਾਊ (ਉੱਤਮ), ਦਰਮਿਆਨੀ ਉਪਜਾਊ (ਮੱਧਮ) ਅਤੇ ਘੱਟ ਉਪਜਾਊ (ਦਰਜ਼ਾ ਦੋਮ) ਦੇ ਤਿੰਨ ਹਿੱਸਿਆਂ ਵਿਚ ਵੰਡਿਆ ਸੀ। ਇਸ ਅਨੁਸਾਰ ਹੀ ਲਗਾਨ (ਮਾਲੀਆ) ਦੀ ਦਰ ਨਿਸ਼ਚਿਤ ਕੀਤੀ ਗਈ ਸੀ। ਉਸ ਨੇ ਸਰਕਾਰੀ ਖਰਚੇ ਰਾਹੀਂ ਸਿੰਜਾਈ ਲਈ ਖੂਹ ਲਵਾਏ ਸਨ। ਇਸ ਨਾਲ ਕਿਸਾਨੀ ਨੂੰ ਵੱਡੇ ਪੱਧਰ ਉੱਤੇ ਆਰਥਿਕ ਰਾਹਤ ਹਾਸਿਲ ਹੋਈ ਸੀ। ਜ਼ਮੀਨ ਦੇ ਨਕਸ਼ੇ ਲੱਠੇ ਦੇ ਕੱਪੜੇ ਉੱਤੇ ਪੱਕੀ ਸਿਆਹੀ ਨਾਲ ਬਣਾਏ ਗਏ ਸਨ। ਕਿਸੇ ਵੀ ਖਿੱਤੇ ਜਾਂ ਦੇਸ਼ ਦੇ ਮੁੱਖ ਕਿੱਤੇ ਦੀ ਤਰੱਕੀ ਨੂੰ ਹੀ ਆਮ ਲੋਕਾਈ ਦੇ ਭਲੇ ਦੀ ਕਸਵੱਟੀ ਮੰਨਿਆ ਗਿਆ। ਸ਼ੇਰ ਸ਼ਾਹ ਸੂਰੀ ਦੀ ਲੋਕ-ਪ੍ਰਿਯਤਾ ਸੰਬੰਧੀ 'ਦਿੱਲੀ ਨੂੰ ਆਪਣਾ ਅਸਲ ਸ਼ੌਹਰ' ਮਿਲ ਜਾਣ ਦੇ ਚਰਚੇ ਹੋਣ ਲੱਗੇ ਸਨ। ਨਾਵਲਕਾਰ ਸਪੱਸ਼ਟ ਕਰਦਾ ਹੈ ਕਿ ਬਾਬਰ ਤੇ ਹਿਮਾਯੂੰ ਵਗੈਰਾ ਮੰਗੋਲ ਜਾਤੀ ਨਾਲ ਸੰਬੰਧਿਤ ਮੁਗਲ ਬਾਦਸ਼ਾਹ ਸਨ। ਪਰ ਬਾਅਦ ਦੇ ਬਾਦਸ਼ਾਹ ਜਿਵੇਂ ਸੇਰ ਸ਼ਾਹ ਸੂਰੀ ਅਫ਼ਗਾਨੀ ਪਠਾਨ ਸਨ। ਇਨ੍ਹਾਂ ਦੋਵਾਂ ਤਰ੍ਹਾਂ ਦੇ ਬਾਦਸ਼ਾਹਾਂ ਵਿਚ ਭਾਵੇਂ ਧਰਮ (ਇਸਲਾਮ) ਦੀ ਸਾਂਝ ਸੀ, ਪਰ ਇਨ੍ਹਾਂ ਦੀ ਪਿੱਠ-ਭੂਮੀ ਵਿਚ ਵੱਡਾ ਫ਼ਰਕ ਸੀ। ਮੰਗੋਲ ਅਤੇ ਅਫ਼ਗਾਨ ਜਾਤੀ ਦੇ ਚਰਿੱਤਰ ਵਿਹਾਰ ਨੂੰ ਲੇਖਕ ਨੇ ਹਿਮਾਯੂੰ ਤੇ ਸ਼ੇਰ ਸ਼ਾਹ ਸੂਰੀ ਦੇ ਫ਼ਰਕ ਰਾਹੀਂ ਦਰਸਾਇਆ ਹੈ। ਵਧੇਰੇ ਮੁਗਲ ਬਾਦਸ਼ਾਹ ਜਿਥੇ ਆਪਣੇ ਨਿੱਜੀ ਐਸੋ-ਇਸ਼ਰਤ ਵਿਚ ਖਚਿੱਤ ਸਨ, ਉਥੇ ਲੋਕਾਂ (ਰਿਆਇਆ) ਦੀ ਭਲਾਈ ਨੂੰ ਵੱਡੇ ਪੱਧਰ ਉੱਤੇ ਸ਼ੁਰੂ ਕਰਨ ਵਾਲਾ ਕੇਵਲ ਸ਼ੇਰ ਸ਼ਾਹ ਸੂਰੀ ਹੀ ਸੀ।

ਨਾਵਲਕਾਰ ਨੇ ਸ਼ੇਰ ਸ਼ਾਹ ਸੂਰੀ ਨੂੰ ਇਕ ਪ੍ਰਵਾਹ ਵਿਚ ਵਹਿੰਦੇ ਗਤੀਸ਼ੀਲ ਕਿਰਦਾਰ ਵਜੋਂ ਚਿਤਰਿਆ ਹੈ। ਇਹ ਕੋਈ ਬਨਿਆ-ਬਣਾਇਆ ਉੱਚ ਪਾਤਰ ਨਹੀਂ ਹੈ। ਇਹ ਜ਼ਿੰਦਗੀ ਦੇ ਰਣਤੱਤੇ ਦੇ ਥਪੇੜਿਆਂ ਵਿਚ ਨਿਰੰਤਰ ਅੱਗੇ ਵਧਦਾ ਹੈ। ਸ਼ੇਰ ਸ਼ਾਹ ਸੂਰੀ ਇਕ ਸਿਪਾਹੀ ਤੋਂ ਬਾਦਸ਼ਾਹਤ ਦਾ ਸਫ਼ਰ ਨਿਰੰਤਰ ਆਪਣੀ ਲਿਆਕਤ ਨਾਲ ਤੈਅ ਕਰਦਾ ਹੈ। ਇਸ ਨੂੰ ਸ਼ਹਿਨਸ਼ਾਹੀ ਵਿਰਸੇ ਵਿਚੋਂ ਨਹੀਂ, ਰਣ-ਮੈਦਾਨ ਵਿਚੋਂ ਹਾਸਲ ਹੁੰਦੀ ਹੈ। ਇਹ ਆਪਣੇ-ਆਪ ਵਿਚ ਹੀ ਸ਼ੇਰ ਸ਼ਾਹ ਸੂਰੀ ਦੀ ਮਹਾਨਤਾ ਦਾ ਵੱਡਾ ਪਹਿਲੂ ਹੈ। ਸ਼ੇਰ ਸ਼ਾਹ ਸੂਰੀ ਕੋਮਲਭਾਵੀ, ਸਿਰਜਣਾਤਮਕ ਤੇ ਮਾਨਵੀ ਰੁਚੀਆਂ ਵਾਲੇ ਸ਼ਖ਼ਸ ਵਜੋਂ ਪੇਸ਼ ਹੋਇਆ ਹੈ। ਉਹ ਅਸਾਧਾਰਨ ਹੁੰਦਾ ਵੀ ਸਾਧਾਰਨ ਜਾਪਦਾ ਹੈ। ਫ਼ਰੀਦ ਖ਼ਾਨ (ਸ਼ੇਰ ਖ਼ਾਨ/ਸ਼ੇਰ ਸ਼ਾਹ) ਆਮ ਤੇ ਖ਼ਾਸ ਰੁਚੀਆਂ ਦਾ ਜਮ੍ਹਾਂ-ਜੋੜ ਹੈ। ਉਹ ਵੱਡਾ ਪਾਤਰ ਤਾਂ ਹੈ, ਪਰ ਆਦਰਸ਼ਕ ਨਹੀਂ ਹੈ। ਉਹ ਹੱਡ-ਮਾਸ ਦੇ ਪੁਤਲੇ ਵਜੋਂ ਪੇਸ਼ ਹੋਇਆ ਹੈ। ਇਸ ਦੇ ਵੱਡੇ-ਵਡੇਰੇ ਕਦੀ ਘੋੜੇ ਪਾਲਣ ਦਾ ਕਿੱਤਾ ਕਰਦੇ ਸਨ। ਇਕ ਸਾਧਾਰਨ ਸਿਪਾਹੀ ਵਜੋਂ ਸ਼ੇਰ ਸ਼ਾਹ ਨੂੰ ਜੀਵਨ ਦੀਆਂ ਦੁਸ਼ਵਾਰੀਆਂ ਅਤੇ ਲੋੜਾਂ ਦਾ ਗਹਿਰਾ ਅਨੁਭਵ ਸੀ। ਇਸ ਅਨੁਭਵ ਦੇ ਸਿੱਟੇ ਵਜੋਂ ਹੀ ਸ਼ੇਰ ਸ਼ਾਹ ਸੂਰੀ ਦਾ ਮੂੰਹ ਸਦਾ ਆਮ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਵੱਲ ਰਹਿੰਦਾ ਹੈ। ਉਹ ਪਹਿਲੇ ਬਾਦਸ਼ਾਹਾਂ ਵਾਲੀ ਅਨਿਆਂ ਤੇ ਦਮਨਕਾਰੀ ਨੀਤੀ ਤੋਂ ਬੇਲਾਗ ਹੈ।

ਨਾਵਲ ਵਿਚ ਦੋ ਵੱਡੀਆਂ ਲੜਾਈਆਂ ਦਾ ਜ਼ਿਕਰ ਹੈ। ਸ਼ੇਰ ਸ਼ਾਹ ਸੂਰੀ ਦੀ ਪਹਿਲੀ ਵੱਡੀ ਲੜਾਈ ਹਿਮਾਯੂੰ ਨਾਲ ਹੈ ਅਤੇ ਦੂਜੀ ਹਿਮਾਯੂੰ ਦੇ ਭਰਾ ਕਾਮਰਾਨ ਨਾਲ। ਬਾਬਰ ਦੀ ਵਿਰਾਸਤ ਦੇ ਮਾਲਕ ਹਿਮਾਯੂੰ ਤੇ ਕਾਮਰਾਨ ਕੋਲ ਲੱਖਾਂ ਦੀ ਗਿਣਤੀ ਵਿਚ ਫੌਜ਼ਾਂ ਸਨ। ਪਰ ਇਹ ਫੌਜ਼ਾਂ ਸ਼ੇਰ ਸ਼ਾਹ ਸੂਰੀ ਦੀਆਂ ਹਜ਼ਾਰਾਂ ਦੀ ਗਿਣਤੀ ਵਾਲੀਆਂ ਫੌਜ਼ਾਂ ਅੱਗੇ ਬੁਰੀ ਤਰ੍ਹਾਂ ਹਾਰ ਜਾਂਦੀਆਂ ਸਨ। ਸਪੱਸ਼ਟ ਹੈ ਕਿ ਲੜਾਈ ਵਿਚ ਜਿੱਤ-ਹਾਰ ਲਈ ਗਿਣਤੀ ਨਹੀਂ, ਗੁਣਾਂ ਵਾਲੀ ਯੁੱਧ-ਨੀਤੀ ਫ਼ੈਸਲਾ ਕਰਦੀ ਹੈ। ਆਪਣੀ ਸਹਿ-ਹੋਂਦ, ਮਿੱਤਰਤਾ, ਮਾਨਵਤਾ ਤੇ ਜੰਗਜੂੰ ਨੀਤੀ ਕਾਰਨ ਸ਼ੇਰ ਸ਼ਾਹ ਸੂਰੀ ਜਿੱਤਾਂ ਹਾਸਿਲ ਕਰਦਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਉਹ ਵਿਰੋਧੀਆਂ ਨੂੰ ਹਰਾਉਂਦਾ ਤਾਂ ਹੈ ਪਰ ਬੇਇੱਜ਼ਤ ਨਹੀਂ ਕਰਦਾ। ਇਥੋਂ ਤੱਕ ਕਿ ਉਹ ਵਿਰੋਧੀ ਬਾਦਸ਼ਾਹ ਦੀਆਂ ਆਪਣੇ ਕਬਜ਼ੇ ਵਿਚ ਆਈਆਂ ਰਾਣੀਆਂ ਵਗੈਰਾ ਨੂੰ ਵੀ ਬਾ-ਇੱਜ਼ਤ ਵਾਪਸ ਕਰ ਦਿੰਦਾ ਹੈ। ਸ਼ੇਰ ਸ਼ਾਹ ਸੂਰੀ ਇਲਾਕੇ ਮੱਲਣ ਲਈ ਔਰਤਾਂ ਦਾ ਦੇਣ-ਲੈਣ ਜਾਂ ਰਿਸ਼ਤੇ ਦਾ ਕੋਈ ਸੌਦਾ ਨਹੀਂ ਕਰਦਾ। ਉਹ ਔਰਤ ਦਾ ਵੱਡਾ ਸਤਿਕਾਰ ਕਰਨ ਵਾਲਾ ਪਹਿਲਾ ਬਾਦਸ਼ਾਹ ਹੈ। ਮਨਮੋਹਨ ਬਾਵਾ ਨੇ ਮਰਦ ਪਾਤਰਾਂ ਦੇ ਨਾਲ-ਨਾਲ ਕੁਝ ਔਰਤ ਪਾਤਰਾਂ (ਗੁਲਬਦਨ ਤੇ ਦਿਲਦਾਰ ਬੇਗਮ) ਦੀ ਸੂਝ-ਸਿਆਣਪ ਵੀ ਬਾਖੂਬੀ ਪੇਸ਼ ਕੀਤੀ ਹੈ। ਇਸ ਨਾਵਲ ਦਾ ਦੂਸਰਾ ਪਹਿਲੂ ਇਹ ਹੈ ਕਿ ਸ਼ੇਰ ਸ਼ਾਹ ਸੂਰੀ ਵਰਗੇ ਬਾਦਸ਼ਾਹ ਦੀ ਬਾਦਸ਼ਾਹਤ ਦੇ ਅੰਤਰਗਤ ਹੋਰਨਾਂ ਧਾਰਮਿਕ ਵਿਚਾਰਾਂ ਅਤੇ ਲਹਿਰਾਂ-ਫ਼ਕੀਰਾਂ ਨੂੰ ਵੀ ਵਧਣ-ਫੁੱਲਣ ਦਾ ਬਲ ਮਿਲਦਾ ਹੈ। ਅੱਜ ਦੀ ਅਜੋਕੀ ਸੱਤਾਧਾਰੀ ਸਿਆਸਤ ਵਿਚ ਜਦ ਇਕ ਹੀ ਜਾਤ ਜਾਂ ਧਰਮ ਦੇ ਉੱਤਮ ਹੋਣ ਦੀ ਮਿੱਥ ਸਿਰਜੀ ਜਾ ਰਹੀ ਹੈ ਤਾਂ ਅਜੇਹੇ ਸਮੇਂ ਅਜੇਹੀ ਰਚਨਾ ਨਿਰਪੱਖ ਮਾਨਵੀਂ ਮੁੱਲਾਂ ਦੀ ਝੰਡਾ ਬਰਕਾਰ ਬਣ ਜਾਂਦੀ ਹੈ। ਇਸ ਨਾਵਲ ਨਾਲ ਸਾਡੀਆਂ ਇਤਿਹਾਸ ਸੰਬੰਧੀ ਕਈ ਮਿੱਥਾਂ ਟੁੱਟਦੀਆਂ ਹਨ। ਨਾਲ ਹੀ ਇਤਿਹਾਸ ਤੇ ਇਤਿਹਾਸਕ ਨਾਇਕਾਂ

ਸੰਬੰਧੀ ਸਮਝ ਦੇ ਨਵੇਂ ਝਰੋਖੇ ਖੁੱਲ੍ਹਦੇ ਹਨ। ਮਨਮੋਹਨ ਬਾਵਾ ਹਮੇਸ਼ਾ ਇਤਿਹਾਸ ਪ੍ਰਤੀ ਨਵੀਂ-ਨਿਵੇਕਲੀ ਸਮਝ ਦੇਣ ਦੇ ਫ਼ਰਜ਼ ਤੋਂ ਆਪਣੀ ਗਲਪ-ਰਚਨਾ ਦੇ ਸਫ਼ਰ ਨੂੰ ਜਾਰੀ ਰੱਖ ਰਿਹਾ ਹੈ। ਅਜੇਹੇ ਨਾਵਲ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਨਵਾਂ ਵਾਧਾ ਹਨ, ਕਿਉਂਕਿ ਇਨ੍ਹਾਂ ਨਾਲ ਸਾਨੂੰ ਹੋਏ-ਬੀਤੇ ਸਮਾਜ-ਇਤਿਹਾਸ ਸੰਬੰਧੀ ਕੁਝ ਨਵਾਂ ਜਾਣਨ-ਸਮਝਣ ਦਾ ਮੌਕਾ ਮਿਲ ਰਿਹਾ ਹੈ। ਅਜੇਹੀ ਰਚਨਾ ਹਰ ਕਿਸਮ ਦੀ ਸੰਕਰੀਣਤਾ ਨੂੰ ਪਿੱਛੇ ਸੁੱਟਦੀ ਹੋਈ ਭਾਰਤ ਦੀ ਅਸਲ ਤੇ ਬਹੁ-ਭਾਂਤੀ ਭਾਰਤੀਅਤਾ ਅਤੇ ਆਮ ਲੋਕਾਈ ਪ੍ਰਤੀ ਤਰਫ਼ਦਾਰੀ ਦਾ ਗਲਪੀ ਸੁਨੇਹਾ ਹੈ। ਨਾਵਲਕਾਰ ਦੀ ਰਚਨਾ-ਦ੍ਰਿਸ਼ਟੀ ਵਿਚ ਆਮ ਜਨ-ਮਾਨਸ ਪੱਖੀ ਹੈ। ਇਸ ਦੀ ਰਚਨਾ-ਵਿਧੀ ਵਿਚ ਇਕ ਕਲਾਤਮਕ ਮਿਆਰ ਵੀ ਹੈ। ਇਸ ਨਾਵਲ ਵਿਚ ਅਜੋਕੀਆਂ ਕਾਬਜ਼ ਤੇ ਭਾਰੂ ਸਿਆਸਤਾਂ ਤੋਂ ਪਾਰ ਹੋ ਕੇ ਸੋਚਣ-ਸਮਝਣ ਦਾ ਸੁਨੇਹਾ ਹੈ।

ਮਨਮੋਹਨ ਬਾਵਾ ਦਾ 2021 ਵਿਚ ਇਕ ਹੋਰ ਨਾਵਲ **ਪ੍ਰਕਿਰਤੀ ਦੇ ਰੰਗ ਹਜ਼ਾਰ** ਛਪਿਆ ਹੈ। ਇਸ ਵਿਚ ਪ੍ਰਕਿਰਤੀ ਦੇ ਰੰਗਾਂ/ਰੂਪਾਂ ਦੇ ਪ੍ਰਸੰਗ ਵਿਚ ਮਨੁੱਖੀ ਵਿਹਾਰ ਦੀ ਪੇਸ਼ਕਾਰੀ ਹੋਈ ਹੈ। ਇਸ ਵਿਚ ਇਸਤਰੀ-ਪੁਰਸ਼ ਸੰਬੰਧਾਂ ਦੇ ਆਪਸੀ ਲਗਾਵ ਅਤੇ ਸਾਂਝ ਦੇ ਮਨੋਭਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਪਰ ਇਹ ਰਚਨਾ ਮੁਕੰਮਲ ਨਾਵਲੀਅਤਾ ਤੋਂ ਤਿਲਕ ਕੇ ਸਫ਼ਰਨਾਮਾ ਰੂਪੀ ਲੰਮੀ ਕਹਾਣੀ ਹੋਣ ਦਾ ਵੀ ਪ੍ਰਭਾਵ ਸਿਰਜਦੀ ਹੈ।

**ਰਿਜ਼ਕ** ਅਵਤਾਰ ਸਿੰਘ ਬਿਲਿੰਗ ਦਾ 2019 ਵਿੱਚ ਛਪਿਆ ਅੱਠਵਾਂ ਨਾਵਲ ਹੈ। 'ਰਿਜ਼ਕ' ਤੋਂ ਭਾਵ ਰੋਟੀ-ਰੁਜ਼ਗਾਰ ਤੋਂ ਹੈ। ਨਾਵਲ ਵਿਚ ਅਮਰੀਕਾ ਦੇ ਵੀਜ਼ੇ ਨੂੰ 'ਹੱਥ ਆਇਆ ਰਿਜ਼ਕ' ਕਿਹਾ ਗਿਆ ਹੈ। ਇਹ ਨਾਵਲ ਅਜੋਕੇ ਸਮਿਆਂ ਵਿਚ ਪਰਵਾਸ ਦੇ ਰੁਝਾਣ ਨਾਲ ਜੁੜੀਆਂ ਆਰਥਿਕ ਤੇ ਸਮਾਜਕ ਸਮੱਸਿਆਵਾਂ ਦਾ ਮਹਾਂ-ਕਾਵਿਕ ਬਿਰਤਾਂਤ ਹੈ। ਨਾਵਲ ਵਿਚ ਵਿਦੇਸ਼ ਜਾਣ ਲਈ ਵੀਜ਼ਾ ਚੰਗੇਰੇ ਭਵਿੱਖ ਲਈ ਰੁਜ਼ਗਾਰ ਦੀ ਨਵੀਂ ਆਸ ਵੀ ਹੈ ਅਤੇ ਪੰਜਾਬ ਵਿਚੋਂ ਨਿਕਲ ਜਾਣ ਦੀ ਲੋੜ ਤੇ ਮਜ਼ਬੂਰੀ ਵੀ। ਨਾਵਲਕਾਰ ਨੇ ਪਰਵਾਸ ਜਾਂ ਸਥਾਨ ਬਦਲੀ ਨੂੰ ਮਨੁੱਖ ਦੀ ਸੁਭਾਵਕ ਫ਼ਿਤਰਤ ਦੇ ਪ੍ਰਸੰਗ ਨਾਲ ਵੀ ਜੋੜਿਆ ਹੈ। ਰੁਜ਼ਗਾਰ ਜਾਂ ਚੰਗੇਰੇ ਜੀਵਨ ਦੀ ਚਾਹਤ ਬੰਦੇ ਨੂੰ ਸਦਾ ਸਫ਼ਰਾਂ ਵਿਚ ਰੱਖਦੀ ਹੈ। "ਮੁੱਢ ਕਦੀਮ ਤੋਂ ਰੋਜ਼ੀ-ਰੋਟੀ ਦੀ ਭਾਲ ਜ਼ਾਰੀ ਹੈ।" (ਪੰਨਾ 16), ਪਰ ਇਸ ਦਾ ਦੂਸਰਾ ਅਹਿਮ ਪੱਖ ਮਜ਼ਬੂਰੀ ਹੈ, ਕਿਉਂਕਿ, ਪੰਜਾਬ ਦਾ ਆਰਥਿਕ ਸੰਕਟ ਸਭ ਪਾਸਿਆਂ ਤੋਂ ਬਹੁਤ ਗਹਿਰਾ ਹੋ ਗਿਆ ਹੈ। "ਏਥੋਂ ਸਿਆਸਤਾਂ ਦੇ ਮਿੱਧੇ, ਅਰ ਜਾਤਾਂ-ਧਰਮਾਂ 'ਚ ਗ੍ਰੱਸੇ ਇੰਡੀਆ 'ਚੋਂ ਥੋਨੂੰ ਕਿਆ ਲੱਭ ਜੂ।" (ਪੰਨਾ 17) ਨਾਵਲਕਾਰ ਸਾਨੂੰ ਸਾਡੀਆਂ ਅਜੋਕੀਆਂ ਬਹੁ-ਪਰਤੀ ਸਮੱਸਿਆਜਨਕ ਦਿਸ਼ਾਵਾਂ ਦੇ ਰੂਬਰੂ ਕਰਦਾ ਹੈ। ਬੰਦਾ ਕਿਓਂ ਜ਼ੁੰਮੇਂਵਾਰੀਆਂ ਦਾ ਬੋਝ ਉਠਾਉਂਦਾ ਹੈ? ਇਸ ਵਿਚੋਂ ਹਾਸਿਲ ਕੀ ਹੁੰਦਾ ਹੈ? ਇਸ ਪੱਖ ਤੋਂ ਕੇਂਦਰੀ ਪਾਤਰ (ਬੰਤੇ) ਨੂੰ ਜ਼ਿੰਦਗੀ ਦਾ ਇਹ ਸਾਰਾ ਵਰਤਾਰਾ ਇਕ ਖਲਜਗਣ ਜਾਪਦਾ ਹੈ। ਉਹ ਆਪਣਾ ਘਰ-ਪਰਿਵਾਰ ਛੱਡ ਕੇ ਇਕੱਲਾ ਅਮਰੀਕਾ ਜਾਂਦਾ ਹੈ। ਕੁਝ ਸਮੇਂ ਬਾਅਦ ਫਿਰ ਪਰਿਵਾਰ ਲਿਜਾ ਕੇ ਮੁੜ ਇਕੱਲਾ ਹੋ ਜਾਂਦਾ ਹੈ। "ਜ਼ਿੰਦਗੀ ਦਾ ਏਨਾ ਲੰਮਾ ਅਰਸਾ ਉਸ ਨੇ ਆਖ਼ਿਰ ਕਿਸ ਦੇ ਲੇਖੇ ਲਾਇਆ ਸੀ।" (ਪੰਨਾ 27) ਅਜੇਹੀ ਪੇਸ਼ਕਾਰੀ ਇਕ ਤਰ੍ਹਾਂ ਨਾਲ ਸਾਡੀ ਜ਼ਿੰਦਗੀ ਦੀ ਹਕੀਕਤ ਦਾ ਫਲਸਫ਼ਾਨਾ ਸੱਚ ਬਣ ਨਿਬੜਦੀ ਹੈ।

ਇਹ ਨਾਵਲ ਪਿੱਛਲ-ਝਾਤ ਜੁਗਤ ਨਾਲ ਆਰੰਭ ਹੁੰਦਾ ਹੈ। ਅਜੇਹੀ ਜੁਗਤ ਅਵਤਾਰ ਸਿੰਘ ਬਿਲਿੰਗ ਦੇ ਕਈ ਹੋਰ ਨਾਵਲਾਂ ਦੀ ਵੀ ਇਕ ਕਥਾ-ਰੂੜ੍ਹੀ ਵਜੋਂ ਪੇਸ਼ ਹੋਈ ਹੈ। ਅਜੇਹੀ ਸ਼ੁਰੂਆਤ ਨਾਲ ਬਿਰਤਾਂਤ ਦੀ ਸੁਰ ਗਹਿਰ-ਗੰਭੀਰ ਵੀ ਹੋ ਜਾਂਦੀ ਹੈ ਅਤੇ ਇਸ ਸੰਬੰਧੀ ਪਾਠਕ ਦੇ ਮਨ ਵਿਚ ਅੱਗੇ ਜਾਣਨ ਦੀ ਦਿਲਚਸਪੀ ਵੀ ਵਧ ਜਾਂਦੀ ਹੈ। ਬੰਤੇ ਨੂੰ ਆਪਣੀ ਮਰ ਚੁੱਕੀ ਪਤਨੀ (ਪਿਆਰੋ) ਦੀ ਮਿੱਠੀ ਯਾਦ ਆਉਂਦੀ ਹੈ। ਉਹ ਆਪਣੀ ਪਤਨੀ (ਪਿਆਰੋ) ਦੇ ਹੱਥੀਂ ਲਾਏ ਬਾਦਾਮ ਦੇ ਬੂਟੇ ਦੀ ਸੰਗਤ ਵਿਚ ਧਰਵਾਸ ਮਹਿਸੂਸ ਕਰਦਾ ਹੈ। ਨਾਵਲਕਾਰ ਨੇ ਨਾਵਲੀ ਬਿਰਤਾਂਤ ਨੂੰ ਕਲਾਤਮਕ ਗੋਲਾਈ ਦਿੱਤੀ ਹੈ। ਇਹ ਨਾਵਲੀ ਬਿਰਤਾਂਤ ਬੰਤੇ ਦੇ ਸ਼ੁਰੂ ਦੇ ਜੀਵਨ ਦੀ ਥਾਂ ਉਸ ਦੇ ਆਖ਼ਰੀ ਉਮਰ ਦੇ ਇਕਲਾਪੇ ਤੋਂ ਆਰੰਭ ਹੁੰਦਾ ਹੈ। ਪੰਜਾਬੀ ਤੇ ਅਮਰੀਕੀ ਸਮਾਜ ਦੇ ਵੱਖਰੇਵੇਂ ਵੀ ਹਨ। ਬੰਤੇ ਦਾ ਬੇਟਾ (ਜਿੰਦਰ), ਨੂੰਹ (ਪਰਵੀਨ) ਅਤੇ ਧੀ (ਜੀਤਾ) ਅਮਰੀਕਾ ਪਹੁੰਚਦੇ ਹੀ ਅਮਰੀਕੀ ਕਦਰਾਂ ਵਿਚ ਗ੍ਰੱਸੇ ਨਜ਼ਰ ਆਉਂਦੇ ਹਨ। ਨਾਵਲਕਾਰ ਨੇ ਅਮਰੀਕਾ ਗਏ ਪੰਜਾਬੀਆਂ ਦੀ ਸਖ਼ਤ ਤੇ ਖੱਟੀ-ਮਿੱਠੀ ਜ਼ਿੰਦਗੀ ਦਾ ਸੱਚ ਬਿਆਨ ਕੀਤਾ ਹੈ। ਇਹ ਇਕ ਤਰ੍ਹਾਂ ਨਾਲ ਸਾਡੇ ਵਰਗੀਆਂ ਵੱਡੀਆਂ ਪੀੜ੍ਹੀਆਂ ਦਾ ਪੂਰਨ ਸੱਚ ਹੈ, ਜਿਨ੍ਹਾਂ ਦਾ ਆਪਣੀ ਅਗਲੀ ਪੀੜ੍ਹੀ ਨਾਲੋਂ ਸੰਵਾਦ ਤੇ ਰਿਸ਼ਤਾ ਟੁੱਟ ਰਿਹਾ ਹੈ। ਬੰਦਾ ਭਾਵੇਂ ਪਦਾਰਥਕ ਅਮੀਰੀ ਵੱਲ ਵਧ ਰਿਹਾ ਹੈ, ਪਰ ਰਿਸ਼ਤਿਆਂ ਦੀ ਅਮੀਰੀ ਤੋਂ ਵਿਰਵਾ ਹੋ ਰਿਹਾ ਹੈ। ਸਾਡੇ ਪਰੰਪਰਾਗਤ ਰਿਸ਼ਤਿਆਂ ਦਾ ਢਾਂਚਾ ਬਿਖਰ ਰਿਹਾ ਹੈ। ਜੇ ਰੋਟੀ ਦਾ ਜੁਗਾੜ ਕਾਇਮ ਹੋ ਜਾਂਦਾ ਹੈ ਤਾਂ ਰਿਸ਼ਤਿਆਂ ਦਾ ਨਿੱਘ

ਖਤਮ ਹੋ ਜਾਂਦਾ ਹੈ। ਅਜੇਹੇ ਵਰਤਾਰੇ ਵਿਚ ਬੰਤਾ ਤੇ ਪਿਆਰੋ ਹੀ ਕੇਵਲ ਅਜੇਹੀਆਂ ਮੁੱਢੀਆਂ ਹਨ ਜੋ ਘਰ-ਪਰਿਵਾਰ ਤੇ ਕੁਨਬੇ ਲਈ ਆਪਣਾ ਸਾਰਾ ਕੁਝ ਕੁਰਬਾਨ ਕਰ ਦਿੰਦੀਆਂ ਹਨ। ਇਹ ਆਪਣੀ ਅਗਲੀ ਪੀੜ੍ਹੀ ਦੇ ਵਤੀਰੇ ਤੋਂ ਹੈਰਾਨ-ਪ੍ਰੇਸ਼ਾਨ ਵੀ ਹਨ ਤੇ ਸਦਮੇ ਵਿਚ ਵੀ। 'ਰਿਜ਼ਕ' ਨਾਵਲ ਅਨੁਸਾਰ ਅਮਰੀਕਾ ਦੇ ਸਮਾਜ ਵਿਚ ਇਕੱਲਤਾ ਦਾ ਜੀਵਨ ਭਾਰੂ ਹੈ। ਬੰਦਿਆਂ ਦੀ ਆਪੋ ਵਿਚ ਘੱਟ ਤੇ ਕੁੱਤੇ-ਬਿੱਲੀਆਂ ਨਾਲ ਸਾਂਝ ਵੱਧ ਹੈ। 'ਲਿਵ-ਇਨ-ਰਿਲੇਸ਼ਨਸ਼ਿਪ' ਵਿਚ ਵਿਸ਼ਵਾਸ ਹੈ। ਪੱਕੀ-ਪੀਢੀ ਸਾਂਝ ਤੋਂ ਹਰੇਕ ਮੁਨਕਰ ਹੈ। ਅਮਰੀਕਨਾਂ ਨੂੰ ਅਜੇਹੇ ਜੀਵਨ ਸੰਬੰਧੀ ਨਾ ਕੋਈ ਬੇਗਾਨਗੀ ਹੈ, ਨਾ ਕੋਈ ਹੇਰਵਾ। ਪਰ ਪੰਜਾਬੀਆਂ ਲਈ ਇਹ ਸਦਮੇ ਦੀ ਸਥਿਤੀ ਹੈ। ਅਜੇਹੇ ਪ੍ਰਗਟਾਵਿਆਂ ਦਾ ਪ੍ਰਤੀਨਿੱਧ ਰੂਪ ਪਿਆਰੋ ਤੇ ਬੰਤਾ ਹਨ। ਬੰਤੇ ਨੂੰ ਆਪਣੇ ਪਿੰਡ ਦੇ ਸਕੂਲ ਵਿਚ ਲੱਗੇ ਅੰਬ ਅਤੇ ਪਿਆਰੋ ਦੇ ਲਾਏ ਬਦਾਮਾਂ ਦੇ ਬੂਟੇ ਨਾਲ ਵੀ ਮੋਹ ਹੈ। ਸਪੱਸ਼ਟ ਹੈ ਕਿ ਪੰਜਾਬੀ ਜਾਂ ਭਾਰਤੀ ਬੰਦਾ ਜਿਥੇ ਸਾਝਾਂ ਜਾਂ ਮੋਹ ਪਾਲਣ ਵਾਲਾ ਹੈ, ਉਥੇ ਅਮਰੀਕੀ ਬੰਦਾ ਵਸਤ ਮੁਖੀ ਹੈ। ਨਾਵਲਕਾਰ ਜੀਵਨ ਵਿਹਾਰ ਦੀਆਂ ਵਿਭਿੰਨ ਪਰਤਾਂ ਪ੍ਰਤੀ ਡੂੰਘੀ ਕਨਸੋਅ ਵੀ ਦਿੰਦਾ ਹੈ ਤੇ ਇਸ ਪ੍ਰਤੀ ਸਵਾਲ ਵੀ ਖੜ੍ਹੇ ਕਰਦਾ ਹੈ। ਜੀਵਨ ਜਿਊਣ ਦਾ ਸਦਾਚਾਰਕ ਸਲੀਕਾ ਕਿਵੇਂ ਦਾ ਹੋਵੇ, ਇਹ ਸੁਪਨੇ ਰੂਪੀ ਚਾਹਤ ਵੀ ਨਾਵਲ ਵਿਚੋਂ ਉਭਰਦੀ ਹੈ। ਅਸਲ ਵਿਚ ਅਮਰੀਕਾ ਗਏ ਪੰਜਾਬੀਆਂ ਦੀਆਂ ਮਾਨਸਿਕ ਜੜ੍ਹਾਂ ਪੰਜਾਬ ਵਿਚ ਹਨ, ਪਰ ਇਨ੍ਹਾਂ ਦਾ ਵਾਹ-ਵਾਸਤਾ ਵਿਕਸਤ ਅਮਰੀਕੀ ਸਭਿਅਤਾ ਨਾਲ ਹੈ। ਅਮਰੀਕਾ ਔਰਤ ਦੀ ਚੜ੍ਹਤ ਤੇ ਮੜ੍ਹਕ ਵਾਲਾ ਸਮਾਜ ਹੈ। ਇਸ ਕਰਕੇ ਹੀ ਜੀਤਾ ਤੇ ਪਰਵੀਨ ਕਿਵੇਂ ਵੀ ਕੋਈ ਦਬਾਅ ਮੰਨਣ ਨੂੰ ਤਿਆਰ ਨਹੀਂ ਹਨ।

ਨਾਵਲਕਾਰ ਨੇ ਪੀੜ੍ਹੀ-ਪਾੜ੍ਹੇ ਨੂੰ ਸਭ ਦੇਸ਼ਾਂ ਵਿਚ ਸਰਬ-ਵਿਆਪਕ ਸੱਚ ਵਜੋਂ ਪੇਸ਼ ਕੀਤਾ ਹੈ। ਵਿਦੇਸ਼ ਵਿਚ ਗਏ ਪੰਜਾਬੀਆਂ ਦੀ ਆਪਣੀ ਕੌਮ ਜਾਂ ਕੌਮੀਅਤ ਵਜੋਂ ਸਮੂਹਿਕ ਸਾਂਝ ਤਾਂ ਹੈ, ਪਰ ਇਨ੍ਹਾਂ ਦੇ ਆਪਣੇ ਘਰਾਂ-ਪਰਿਵਾਰਾਂ ਵਿਚ ਆਪਸੀ ਕੋਈ ਸਾਂਝ ਨਹੀਂ ਹੈ। ਪੁਰਾਣੀ ਪੀੜ੍ਹੀ ਜਿਥੇ ਆਪਣੇ ਲੰਮੇ ਸਮੇਂ ਦੇ ਸੰਘਰਸ਼ ਤੋਂ ਬਾਅਦ ਆਰਥਿਕ ਪੱਖੋਂ ਸੈਟਲ ਜਾਂ ਸੰਤੁਸ਼ਟ ਹੁੰਦੀ ਹੈ, ਉਥੇ ਨਵੀਂ ਪੀੜ੍ਹੀ ਆਪਣੀ ਨਵੀਂ ਜਾਂ ਪ੍ਰੋਫੈਸ਼ਨਲ ਵਿਦਿਅਕ ਯੋਗਤਾ ਦੇ ਆਸਰੇ ਛੇਤੀ ਆਪਣਾ ਵਿਸ਼ੇਸ਼ ਸਥਾਨ ਬਣਾ ਲੈਂਦੀ ਹੈ। ਨਾਵਲਕਾਰ ਵਾਰ-ਵਾਰ ਅਮਰੀਕਾ ਵਿਚ ਘਰ ਤੇ ਮਕਾਨ ਦੇ ਵੱਡੇ ਫ਼ਰਕ ਨੂੰ ਦਰਸਾਉਂਦਾ ਹੈ। ਘਰ ਨੂੰ ਸਮੁੱਚੇ ਪਰਿਵਾਰ ਦੀਆਂ ਸਾਝਾਂ/ ਸੱਧਰਾਂ ਤੇ ਮੋਹ-ਪਿਆਰ ਦਾ ਪਿੜ ਕਿਹਾ ਗਿਆ ਹੈ। ਪਰ ਮਕਾਨ ਕੇਵਲ ਰਾਤ ਸੌਣ ਵਾਲੇ ਕਮਰੇ ਵਜੋਂ ਇਕੱਲੀ ਤੇ ਸੁੰਨੀ ਜ਼ਿੰਦਗੀ ਦਾ ਪਰਤੌਂ ਹੈ। ਅਮਰੀਕਾ ਵਿਚ ਮੌਸਮ, ਜਨਾਨੀ, ਜੌਬ ਤੇ ਪੁੱਤਰ-ਧੀਆਂ ਸਭ ਨੂੰ ਬੇਇਤਬਾਰੇ ਕਿਹਾ ਗਿਆ ਹੈ। ਨਾਵਲਕਾਰ ਨੇ ਪਹਿਲੀ ਪੀੜ੍ਹੀ ਕਿਰਤੀ, ਕਿਰਸੀ ਤੇ ਮਿਹਨਤੀ ਦਰਸਾਈ ਹੈ। ਇਹ ਪੀੜ੍ਹੀ ਰਿਸ਼ਤਿਆਂ ਪ੍ਰਤੀ ਵੀ ਕੁਰਬਾਨੀ ਭਾਵਨਾ ਵਾਲੀ ਸੀ। ਪਰ ਅਜੋਕੀ ਪੀੜ੍ਹੀ ਵਿਚੋਂ ਅਜੇਹਾ ਕੁਝ ਅਲੋਪ ਹੋਇਆ ਦਿੱਸਦਾ ਹੈ।

ਇਹ ਖੁੱਲ੍ਹੇ ਅੰਤ ਵਾਲਾ ਨਾਵਲ ਹੈ। ਮੁੱਖ ਪਾਤਰਾਂ ਦਾ ਜੀਵਨ ਨਿਰੰਤਰ ਰੂਪ ਵਿਚ ਕੌੜੀਆਂ-ਫਿੱਕੀਆਂ ਤੇ ਮਿੱਠੀਆਂ ਯਾਦਾਂ ਸਮੇਤ ਚੱਲਦਾ ਹੈ। ਨਾ ਦੁੱਖ ਸਦੀਵੀਂ ਹਨ, ਨਾ ਸੁੱਖ। ਸਮਾਜ ਤੇ ਜੀਵਨ ਇਕ ਗਤੀਸ਼ੀਲ ਵਰਤਾਰੇ ਵਜੋਂ ਪੇਸ਼ ਹੋਇਆ ਹੈ। ਅਵਤਾਰ ਸਿੰਘ ਬਿਲਿੰਗ ਨੇ ਆਪਣੇ ਨਾਵਲੀ ਸਫ਼ਰ ਵਿਚ ਪੈਰੋਂ-ਪੈਰ ਆਪਣੀ ਨਾਵਲੀ ਪੈਂਠ ਹੋਰ ਅੱਗੇ ਵਧਾਈ ਹੈ। ਇਹ ਦੋ ਦੇਸ਼ਾਂ ਦੇ ਪ੍ਰਸੰਗ ਵਿਚ ਵਿਭਿੰਨ ਪਰਿਵਾਰਾਂ ਤੇ ਪੀੜ੍ਹੀਆਂ ਤੱਕ ਫੈਲਿਆ ਮਹਾਂ-ਬਿਰਤਾਂਤ ਹੈ। ਬਿਲਿੰਗ ਦੇ ਪਹਿਲੇ ਨਾਵਲਾਂ ਦੇ ਮੁਕਾਬਲੇ **ਰਿਜ਼ਕ** ਨਾਵਲ ਇਕ ਵੱਡੇ ਚਿੱਤਰਪਟ ਵਾਲੀ ਰਚਨਾ ਹੀ ਨਹੀਂ ਹੈ, ਸਗੋਂ ਇਹ ਯਥਾਰਥ ਚਿਤਰਣ ਤੇ ਆਪਣੀ ਨਾਵਲੀ ਪੁਖਤਗੀ ਦੇ ਪੱਖ ਤੋਂ ਵਧੇਰੇ ਪ੍ਰੌਢ ਰਚਨਾ ਵੀ ਹੈ। ਅਜੋਕੇ ਸਮਿਆਂ ਵਿਚ **ਰਿਜ਼ਕ** ਵਿਸ਼ੇ ਤੇ ਰੂਪ ਦੇ ਪੱਖ ਤੋਂ ਸਿਰਕੱਢ ਨਾਵਲ ਹੈ। ਇਹ ਨਾਵਲ ਅਵਤਾਰ ਸਿੰਘ ਬਿਲਿੰਗ ਦੇ ਪਹਿਲੇ ਨਾਵਲਾਂ ਨਾਲੋਂ ਹੀ ਨਹੀਂ, ਆਪਣੇ ਅਜੋਕੇ ਸਮਿਆਂ ਵਿਚ ਪ੍ਰਕਾਸ਼ਿਤ ਹੋਏ ਹੋਰ ਪੰਜਾਬੀ ਨਾਵਲਾਂ ਨਾਲੋਂ ਵੀ ਇਕ ਕੱਦਾਵਰ ਰਚਨਾ ਹੈ।

**ਮਿੱਟੀ ਬੋਲ ਪਈ** (2021) ਬਲਬੀਰ ਮਾਧੋਪੁਰੀ ਦਾ ਪਹਿਲਾ ਨਾਵਲ ਹੈ। ਇਸ ਨੂੰ ਬਲਬੀਰ ਮਾਧੋਪੁਰੀ ਨੇ ਆਪਣੀ ਹੱਢੀਂ-ਹੰਢਾਈ ਦਲਿਤ ਚੇਤਨਾ ਦੇ ਅਨੁਭਵ ਰਾਹੀਂ ਸਵੈ-ਜੀਵਨੀ ਪੂਰਕ ਨਾਵਲ ਵਜੋਂ ਪੇਸ਼ ਕੀਤਾ ਹੈ। ਇਸ ਵਿਚ ਮੁੱਖ ਪਾਤਰ ਵਜੋਂ ਗੋਰਾ (ਲੇਖਕ) ਤੇ ਬਾਬਾ ਦੋਵੇਂ ਦਾਦੇ-ਪੋਤੇ ਦੇ ਰੂਪ ਵਿਚ ਪੇਸ਼ ਹੋਏ ਹਨ। ਮਾਧੋਪੁਰੀ ਨੇ ਜਿਵੇਂ ਆਪਣੀ ਸਵੈ-ਜੀਵਨੀ ਛਾਂਗਿਆ ਰੁੱਖ ਵਿਚ ਸਾਡੀਆਂ ਸਮਾਜਕ ਨਸਾਂ ਵਿਚ ਬੈਠੇ ਤੇ ਫੈਲੇ ਦਲਿਤ ਵਰਤਾਰੇ ਦਾ ਅਨੁਭਵ ਪੇਸ਼ ਕੀਤਾ ਹੈ, ਤਿਵੇਂ ਦੀ ਸਥਿਤੀ ਹੀ ਮਿੱਟੀ ਬੋਲ ਪਈ ਨਾਵਲ ਦੀ ਹੈ। ਇਸ ਨਾਵਲ ਵਿਚ ਦਲਿਤਾਂ ਨੂੰ ਇਥੋਂ ਦੇ ਆਦਿ-ਧਰਮੀ ਅਰਥਾਤ ਆਦਿ-ਵਾਸੀ ਕਿਹਾ ਗਿਆ ਹੈ। ਆਰੀਆ ਦੇ ਆਉਣ ਤੋਂ ਪਹਿਲਾਂ ਦਲਿਤ ਇਥੋਂ ਦੇ ਮੁੱਢਲੇ ਵਸਨੀਕ ਸਨ। ਆਰੀਆ ਦੇ ਆਉਣ ਨਾਲ ਉਪਜੀ ਵਰਣ-ਧਰਮ ਸੰਸਕ੍ਰਿਤੀ

ਕਾਰਨ ਇਥੋਂ ਦੇ ਆਦਿ ਵਾਸੀ ਹਾਸ਼ੀਏ ਉੱਤੇ ਚਲੇ ਗਏ। ਸਾਡੇ ਅਨੇਕਾਂ ਭਗਤਾਂ ਅਤੇ ਸਿੱਖ ਗੁਰੂਆਂ ਦੀ ਬਾਣੀ ਨੇ ਸਮਾਜਕ ਸਮਾਨਤਾ ਦਾ ਵੱਡਾ ਵਿਚਾਰਧਾਰਾਈ ਰਾਹ ਦਿਖਾਇਆ ਸੀ, ਪਰ ਫਿਰ ਵੀ ਸਾਡੇ ਭਾਰਤੀ/ਪੰਜਾਬੀ ਸਮਾਜ ਵਿਚੋਂ ਵਰਣ ਅਵਸਥਾ ਖਾਰਜ਼ ਨਹੀਂ ਹੋਈ ਹੈ। ਆਦਿ ਵਾਸੀਆਂ ਦੇ ਨੇਤਾ ਮੰਗੂ ਰਾਮ ਨੇ ਵੀ ਦਲਿਤਾਂ ਨੂੰ ਆਪਣੀ ਪੱਛੜੀ ਸਥਿਤੀ ਵਿਚੋਂ ਨਿਕਲਣ ਜਾਂ ਉਪਰ ਉੱਠਣ ਲਈ ਚੇਤਨ ਤੇ ਲਾਮਬੰਦ ਕਰਨ ਵਿਚ ਵੱਡਾ ਰੋਲ ਅਦਾ ਕੀਤਾ ਹੈ। ਇਸ ਤਰ੍ਹਾਂ ਇਹ ਨਾਵਲ ਇਕ ਤਰ੍ਹਾਂ ਦੀ ਸਾਡੀ ਸਮਾਜਕ ਬਣਤਰ ਦੀ ਇਤਿਹਾਸਕ ਕਿਸਮ ਦੀ ਪੁਣ-ਛਾਣ ਵੀ ਹੈ।

ਇਸ ਨਾਵਲ ਦਾ ਘਟਨਾ-ਕ੍ਰਮ ਹੁਸ਼ਿਆਰਪੁਰ ਦੇ ਚਾਰ-ਚੁਫ਼ੇਰੇ ਦਾ ਦੁਆਬਾ ਏਰੀਆ ਹੈ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਦੁਆਬੇ ਦੇ ਦਲਿਤ ਜੀਵਨ ਦੀ ਆਂਚਲਿਕਤਾ ਐਸੇ ਕਲਾਤਮਕ ਅੰਦਾਜ਼ ਵਿਚ ਪੇਸ਼ ਹੋਈ ਹੈ ਕਿ ਇਸ ਵਿਚੋਂ ਸਾਡੇ ਸਮਾਜਕ ਯਥਾਰਥ ਦੇ ਲੋਕਧਾਰਾਈ ਜੀਵਨ ਦਾ ਸੱਚ ਸਾਹਮਣੇ ਆਉਂਦਾ ਹੈ। ਲੋਕਧਾਰਾਈ ਆਂਚਲਿਕਤਾ ਦੇ ਨਾਲ-ਨਾਲ ਨਾਵਲਕਾਰ ਨੇ ਕੁਦਰਤ ਜਾਂ ਪ੍ਰਕਿਰਤੀ ਚਿਤਰਣ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਹੈ। ਬੰਦੇ ਨੂੰ ਪ੍ਰਕਿਰਤੀ ਵਾਂਗ ਮੌਲਣ/ਵਿਗਸਣ ਵਾਲੇ ਜੀਵ ਵਜੋਂ ਪੇਸ਼ ਕੀਤਾ ਗਿਆ ਹੈ। ਗੋਰਾ/ਨਾਵਲਕਾਰ ਕਿਵੇਂ ਵਿਪਰੀਤ ਸਥਿਤੀਆਂ ਦੇ ਬਾਵਜੂਦ ਆਪਣੀ ਮਿਹਨਤ, ਵਿਦਿਆ ਤੇ ਆਪਣੇ ਬਾਬੇ ਦੀ ਅਗਵਾਈ ਹੇਠ ਜੀਵਨ ਵਿਚ ਅੱਗੇ ਵਧਦਾ ਹੈ। ਇਸ ਵਿਚ ਨਾਵਲਕਾਰ ਨੇ ਬਾਬੇ (ਦਾਦੇ) ਨੂੰ ਇਕ ਜ਼ੋਰਦਾਰ ਪਾਤਰ ਵਜੋਂ ਚਿਤਰਿਆ ਹੈ। ਬਾਬਾ ਜੀਵਨ ਵਿਚ ਮਿਹਨਤ, ਧੀਰਜ ਤੇ ਮਾਨਵੀਂ ਮੁੱਲਾਂ ਦੇ ਧਵੱਜ ਵਜੋਂ ਨਵੀਂ ਪੀੜ੍ਹੀ ਨੂੰ ਇਕ ਮਿਸਾਲੀ ਅਗਵਾਈ ਦਿੰਦਾ ਹੈ। ਅਜੇਹੇ ਪਾਤਰ ਹੀ ਸਾਡੇ ਸਮਾਜ ਦੀ ਅਗਲੇਰੀ ਤੌਰ ’ਤੇ ਮਾਨਵੀਂ ਮੁੱਲਾਂ ਦੀ ਤਾਕਤ ਵਜੋਂ ‘ਧਰਤੀ ਹੇਠਲਾ ਬਲਦ’ ਵਜੋਂ ਧਰਤੀ ਪੁੱਤਰ ਜਾਪਦੇ ਹਨ। ਅਜੇਹੇ ਪਾਤਰ ਜੀਵਨ ਦੀ ਕਰੂਰਤਾ ਦੇ ਬਾਵਜੂਦ ਜੀਵਨ ਦੀ ਚਾਹਤ ਦੇ ਉਤਸ਼ਾਹ ਤਹਿਤ ਨਿਰੰਤਰ ਅੱਗੇ ਵਧਦੇ ਹੋਏ ਹੋਰਨਾਂ ਦਾ ਵੀ ਵੱਡਾ ਸਹਾਰਾ ਬਣਦੇ ਹਨ। ਇਹ ਕੁਨਬਾ ਹੀ ਨਹੀਂ, ਸਮਾਜ ਪਾਲਕ ਪਾਤਰ ਹਨ।

**ਮਿੱਟੀ ਬੋਲ ਪਈ** ਨਾਵਲ ਦਾ ਨਾਮ ਇਕ ਤਰ੍ਹਾਂ ਨਾਲ ਅਜੇਹੇ ਆਦਿ-ਧਰਮੀ ਦਲਿਤਾਂ ਦੇ ਬੋਲਾਂ/ਚੇਤਨਾ, ਜਾਂ ਆਵਾਜ਼ ਦਾ ਹੀ ਪ੍ਰਤੀਬਿੰਬ ਹੈ। ਅਜੇਹੇ ਹਾਸ਼ੀਆਗ੍ਰਸਤ ਪਰ ਅਸਲੀ ਮਾਲਕਾਂ ਦੀ ਆਵਾਜ਼ ਹੁਣ ਅੰਗੜਾਈਆਂ ਲੈ ਰਹੀ ਵਿਖਾਈ ਦਿੰਦੀ ਹੈ। ਸਾਡੇ ਵਿਤਕਰਿਆਂ ਤੇ ਭਿੰਨ-ਭੇਦ ਵਾਲੇ ਭਾਰਤੀ ਸਮਾਜ ਦਾ ਜਾਣਿਆ-ਪਛਾਣਿਆ ਸੱਚ ਤਾਂ ਪਹਿਲਾਂ ਹੀ ਸਾਡੇ ਸਾਹਮਣੇ ਹੈ, ਪਰ ਬਲਬੀਰ ਮਾਧੋਪੁਰੀ ਨੇ ਇਸ ਨੂੰ ਇਤਿਹਾਸਕ ਤੇ ਤਰਕ-ਸੰਗਤ ਰੂਪ ਵਿਚ ਬਿਨਾਂ ਕਿਸੇ ਨਫ਼ਰਤ ਤੇ ਲਹਿਜ਼ੇ ਦੇ ਜੀਵਨੀ-ਰੂਪੀ ਗਾਲਪਨਿਕ ਬਿੰਬ ਵਜੋਂ ਪੇਸ਼ ਕੀਤਾ ਹੈ। ਇਕ ਪਾਸੇ ਜਿਥੇ ਬਹੁਗਿਣਤੀ ਵਾਲੀ ਸੱਤਾ ਦੀ ਸਿਆਸਤ ਹੀ ਆਪਣੇ-ਆਪ ਨੂੰ ਭਾਰਤ ਦੀ ਅਸਲ ਕਾਰ-ਮੁਖ਼ਤਾਰ ਸਮਝਦੀ ਹੈ, ਉਥੇ ਇਸ ਰਚਨਾ ਨੇ ਅਜੇਹੇ ਰਾਜਸੀ ਵਰਤਾਰੇ ਦੇ ਬਰੋ-ਬਰਾਬਰ ਨਵਾਂ ਇਤਿਹਾਸਕ ਸੱਚ ਰੱਖਿਆ ਹੈ। ਇਸ ਕਰਕੇ ਅਜੋਕੇ ਸਮਿਆਂ ਵਿਚ ਅਜੇਹੀ ਰਚਨਾ ਦਾ ਆਪਣਾ ਵਿਸ਼ੇਸ਼ ਮਹੱਤਵ ਬਣਦਾ ਹੈ। ਇਹ ਨਾਵਲ ਸਾਡੀ ਸਮਾਜਕ ਬਣਤਰ ਤੇ ਇਸ ਦੇ ਲੋਕਧਾਰਾਈ ਪਰਿਪੇਖ ਦਾ ਅਹਿਮ ਯਥਾਰਥਕ ਤੇ ਇਤਿਹਾਸਕ ਦਸਤਾਵੇਜ਼ ਹੈ। ਇਹ ਆਪਣੇ ਚਾਰ-ਚੁਫ਼ੇਰੇ ਨੂੰ ਜਾਣਨ-ਸਮਝਣ ਤੇ ਮਾਨਵੀਂ ਸਰੋਕਾਰਾਂ ਦੀ ਪ੍ਰੇਰਣਾ ਦੇਣ ਵਾਲੀ ਅਹਿਮ ਰਚਨਾ ਹੈ। ਇਹ ਨਾਵਲ ਆਪਣੇ ਵਿਧਾਗਤ ਖਾਸੇ ਅਤੇ ਰਚਨਾ-ਦ੍ਰਿਸ਼ਟੀ ਵਜੋਂ ਨਾਵਲੀ ਇਤਿਹਾਸ ਵਿਚ ਇਕ ਪਛਾਣਨਯੋਗ ਰਚਨਾ ਹੈ।ਇਸ ਨਾਲ ਬਤੌਰ ਲੇਖਕ ਮਾਧੋਪੁਰੀ ਦਾ ਕੱਦ ਹੋਰ ਵੱਡਾ ਹੋ ਗਿਆ ਹੈ।

ਬਲਬੀਰ ਪਰਵਾਨਾ ਦੇ ਸਾਰੇ ਹੀ ਨਾਵਲ ਪੰਜਾਬ ਵਿਚ ਤੇਜ਼ੀ ਨਾਲ ਵਾਪਰ ਰਹੇ ਵਰਤਾਰਿਆਂ ਨਾਲ ਸੰਬੰਧਿਤ ਹਨ। ਪਰਵਾਨਾ ਤੇਜ਼ੀ ਨਾਲ ਲਿਖਣ ਵਾਲਾ ਸਾਹਿਤਕਾਰ ਹੈ। ਪਰਵਾਨਾ ਦੇ ਵਿਸ਼ੈ-ਵਸਤੂ ਦਾ ਮੁੱਖ-ਆਧਾਰ ਹਰੇ ਇਨਕਲਾਬ ਤੋਂ ਬਾਅਦ ਦੀ ਤਬਦੀਲੀ ਨਾਲ ਸੰਬੰਧਿਤ ਹੈ। **ਸ਼ੋਅ-ਰੂਮ** (2020) ਨਾਵਲ ਦਾ ਮੁੱਖ ਵਿਸ਼ਾ ਨਜ਼ਾਇਜ ਮਾਈਨਿੰਗ ਹੈ। ਇਸ ਧੰਦੇ ਨਾਲ ਵਪਾਰੀ ਤੇ ਸਿਆਸੀ ਮਾਫੀਆ ਆਪੋ ਵਿਚ ਬੇਜੋੜ ਸਥਿਤੀ ਵਿਚ ਹੈ। ਇਹ ਇਕ ਤਰ੍ਹਾਂ ਦਾ ਵੱਡਾ ਸਮਗਲਿੰਗ ਕਿੱਤਾ ਬਣ ਚੁੱਕਾ ਹੈ। ਇਸ ਵਿਚ ਨਸ਼ਿਆਂ ਦੇ ਧੰਦੇ ਵਾਂਗ ਵੱਡਾ ਪੈਸਾ ਹੈ। ਇਸ ਦਾ ਮਾਰੂ ਪ੍ਰਭਾਵ ਵਾਤਾਵਰਣ ਤੇ ਜ਼ਮੀਨੀ ਵਿਗਾੜਾਂ ਸੰਬੰਧੀ ਹੈ। ਲੇਖਕ ਮੁਤਾਬਕ ਘਾਤਕ ਪੱਖ ਇਹ ਹੈ ਕਿ ਸਾਡੇ ਅਜੋਕੇ ਵਿਹਾਰ ਨੇ ਕੁਦਰਤ ਨੂੰ ਇਕ ਵਸਤ ਵਿਚ ਤਬਦੀਲ ਕਰ ਦਿੱਤਾ ਹੈ। ਪੰਜਾਬੀ ਬੰਦੇ ਲਈ ਧਰਤੀ ਹੁਣ ਮਾਂ ਨਹੀਂ ਰਹੀ ਹੈ, ਬਲਕਿ ਇਹ ਮੰਡੀ ਮੁਤਾਬਕ ਪੂੰਜੀ ਦੀ ਵਸਤ ਬਣ ਗਈ ਹੈ। ਪਿੰਡ ਅਜੇਹੀ ਮੰਡੀ ਦੀ ਵਸਤ ਵਜੋਂ ਇਕ ‘ਸ਼ੋਅ-ਰੂਮ’ ਬਣ ਗਿਆ ਹੈ। ਕਿਉਂਕਿ ਪਿੰਡ ਵਿਚ ਹਰ ਚੀਜ਼ ਵਿਕਾਊ ਮਾਲ ਬਣ ਗਈ ਹੈ। ਪੰਜਾਬ ਆਪਣੇ ਧੁਰ ਮੂਲ ਤੋਂ ਪੂਰੀ ਤਰ੍ਹਾਂ ਥਿੜਕ ਗਿਆ ਹੈ। ਜੇ

ਇਕ ਪਾਸੇ ਕੁਦਰਤੀ ਸਾਧਨਾਂ ਦੀ ਲੁੱਟ-ਮਾਰ ਹੈ ਤਾਂ ਦੂਜੇ ਪਾਸੇ ਨਵੀਂ ਪੀੜ੍ਹੀ ਵਿਚ ਪੈਸੇ ਲਈ ਹਰ ਜਾਇਜ਼-ਨਜਾਇਜ਼ ਕਿੱਤੇ ਵਿਚ ਆਪਣੇ-ਆਪ ਨੂੰ ਸਿੱਕੇ ਵਾਂਗ ਵਰਤਣ ਤੇ ਵੇਚਣ ਦੀ ਰੁਚੀ ਪ੍ਰਬਲ ਹੋ ਚੁੱਕੀ ਹੈ। ਅਜੇਹੇ ਅਮਾਨਵੀਂ ਕਿਸਮ ਦੇ ਵਰਤਾਰੇ ਨੂੰ ਪਰਵਾਨੇ ਨੇ ਸ਼ੋਅ-ਰੂਮ ਨਾਵਲ ਵਿਚ ਪੇਸ਼ ਕੀਤਾ ਹੈ। ਦਸੂਹਾ-ਮੁਕੇਰੀਆਂ ਤੇ ਤਲਵਾੜਾ ਵਗੈਰਾ ਦੇ ਇਲਾਕੇ ਵਾਂਗ ਮਿਰਜ਼ਾਪੁਰ ਵਿਚ ਵੀ ਟਿੱਪਰਾਂ ਤੇ ਕਰੇਨਾਂ ਦਾ ਦਖ਼ਲ ਵਧ ਜਾਂਦਾ ਹੈ। ਅਜੇਹੀ ਮਸ਼ੀਨਰੀ ਨਾਲ ਪੱਥਰਾਂ ਦੀ ਕਰੈਸ਼ਰ ਲਈ ਪਿਸਾਈ ਹੋਣ ਲੱਗਦੀ ਹੈ। ਜ਼ਮੀਨਾਂ ਪੱਧਰੀਆਂ ਜਾਂ ਪੱਥਰ ਰਹਿਤ ਕਰਨ ਲਈ ਠੇਕੇ 'ਤੇ ਲਈਆਂ ਜਾਣ ਲੱਗਦੀਆਂ ਹਨ। ਪਰ ਅਸਲ ਵਿਚ ਸੱਤਰ-ਅੱਸੀ ਫੁੱਟ ਦੀ ਪੁਟਾਈ ਨਾਲ ਜ਼ਮੀਨਾਂ ਬੇਕਾਰ ਹੋਣ ਲੱਗਦੀਆਂ ਹਨ। ਭਾਰੇ-ਭੁਕੱਨੇ ਟਿੱਪਰਾਂ ਨਾਲ ਲਿੰਕ ਸੜਕਾਂ ਟੁੱਟਣ ਲੱਗਦੀਆਂ ਹਨ। ਕਰੈਸ਼ਰਾਂ ਵਿਚੋਂ ਉੱਡਦੀ ਧੂੜ ਨਾਲ ਵਾਤਾਵਰਣ ਦੂਸ਼ਿਤ ਹੋਣ ਲਗਦਾ ਹੈ। ਲੋਕਾਂ ਨੂੰ ਸਾਹ ਤੇ ਅੱਖਾਂ ਦੀਆਂ ਬਿਮਾਰੀਆਂ ਹੋਣ ਲੱਗਦੀਆਂ ਹਨ। ਸਮੁੱਚਾ ਭੌਂ-ਮੰਡਲ ਤੇ ਭੂਗੋਲ ਬਦਲਣ ਲੱਗਦਾ ਹੈ। ਜ਼ਮੀਨ ਬਾਜ਼ਾਰੀ ਵਸਤ ਹੋਣ ਲੱਗਦੀ ਹੈ। ਪਿੰਡਾਂ ਵਿਚ ਚਲਦੀ ਨਜ਼ਾਇਜ ਮਾਈਨਿੰਗ ਇਕ ਵੱਡੀ ਸਮਗਲਿੰਗ ਰੂਪੀ ਗੈਰ-ਕਾਨੂੰਨੀ ਧੰਦੇ ਦਾ ਰੂਪ ਧਾਰ ਲੈਂਦੀ ਹੈ। ਅਜੇਹੇ ਧੰਦੇ ਵਿਚ ਲੱਗੀ ਵਪਾਰੀ ਜਮਾਤ ਪਾਸ ਵਿੱਤੀ ਜ਼ੋਰ ਵੀ ਹੈ ਤੇ ਸਿਆਸੀ ਸਹਾਰਾ ਵੀ। ਇਸ ਵਿਚੋਂ ਪੈਦਾ ਹੋਏ ਬੰਟੀ ਵਰਗੇ ਦਲਾਲ ਕਾਰਕੁੰਨ ਪਿੰਡ ਦੇ ਗੱਭਰੂਆਂ ਨੂੰ ਕੁਝ ਲਾਲਚ ਦੇ ਕੇ ਆਪਣੇ ਵੱਸ ਵਿਚ ਕਰ ਲੈਂਦੇ ਹਨ। ਫਿਰ ਇਹ ਦੀਪੇ ਦੀ ਭੈਣ ਸੁੱਖੀ ਦੀ ਦੇਹ ਦਾ ਆਨੰਦ ਵੀ ਮਾਣਦੇ ਹਨ। ਪਿੰਡ ਦਾ ਬਸ਼ਿੰਦਾ ਬਾਜ਼ਾਰੀ ਕਿਸਮ ਦੇ ਨਵੇਂ ਮੰਡੀ ਰੁਝਾਣ ਨਾਲ ਜੁੜਣ ਲੱਗਦਾ ਹੈ। ਪਿੰਡ ਆਪਣੀ ਅਸਲ ਰਹਿਤਲ ਦਾ ਪਿੰਡਾ ਨਾ ਰਹਿ ਕੇ ਬਾਜ਼ਾਰੀ ਦੁਕਾਨ ਬਣਨ ਲਗਦਾ ਹੈ।ਪਰਵਾਨਾ ਅਜੇਹੇ ਮਾਈਨਿੰਗ ਧੰਦੇ ਨਾਲ ਜੁੜੇ ਮਾਫੀਏ ਦੀਆਂ ਹੋਰ ਪਰਤਾਂ ਵੀ ਉਘਾੜਦਾ ਹੈ। ਅਜੇਹੇ ਮਾਫੀਏ ਨੂੰ ਪੁਲਿਸ ਤੇ ਸਿਆਸਤ ਦੀ ਪੂਰੀ ਸਰਪ੍ਰਸਤੀ ਹੈ। ਅਜੇਹੇ ਧੰਦੇ ਦਾ ਰੋੜਾ ਬਣਨ ਵਾਲੇ ਕੁਝ ਸੁਹਿਰਦ ਪੱਤਰਕਾਰ ਤੇ ਅਫ਼ਸਰ ਐਕਸੀਡੈਂਟ ਦੀ ਭੇਂਟ ਚੜ੍ਹਾ ਦਿੱਤੇ ਜਾਂਦੇ ਹਨ। ਅਜੇਹੀ ਘਟਨਾ ਨੂੰ ਸਿਰੇ ਚੜ੍ਹਾਉਣ ਵਾਲੇ ਦੀਪੇ ਵਰਗੇ ਕਾਰਕੁੰਨ ਫਿਰ ਅਖੌਤੀ ਪੁਲਿਸ ਮੁਕਾਬਲੇ ਵਿਚ ਮਾਰ ਦਿੱਤੇ ਜਾਂਦੇ ਹਨ। ਇਕ ਪਾਸੇ ਪਾਤਰ ਠਾਕੁਰੀ ਉੱਚੀਆਂ ਮਨੁੱਖੀ ਕਦਰਾਂ-ਕੀਮਤਾਂ ਦਾ ਰੂਪ ਹੈ। ਦੂਜੇ ਪਾਸੇ ਇਸ ਦੀ ਪੋਤਰੀ ਸੁੱਖੀ ਦੇਹ ਦੇ ਰੱਜ ਤੇ ਦੇਹ ਵਪਾਰ ਦੇ ਕਿੱਤੇ ਵਿਚ ਪਈ ਹੋਈ ਅਜੋਕੀਆਂ ਮੰਡੀ ਕੀਮਤਾਂ ਦੀ ਲਖਾਇਕ ਹੈ। ਇਸ ਤਰ੍ਹਾਂ ਨਾਵਲ ਵਿਚ ਪਾਤਰਾਂ ਦਾ ਵਿਹਾਰ ਸਮਾਨਾਂਤਰ ਵਿਰੋਧ-ਚਿੱਤਰ ਦੀ ਜੁਗਤ ਰਾਹੀਂ ਪੇਸ਼ ਹੋਇਆ ਹੈ। ਇਸ ਵਿਚ ਸਮਾਜ-ਸਭਿਆਚਾਰ ਦਾ ਵੀ ਵਿਰੋਧ-ਚਿੱਤਰ ਸਾਹਮਣੇ ਆਉਂਦਾ ਹੈ। ਇਕ ਪਾਸੇ ਸੰਤਾਲੀ ਜਾਂ ਅੱਤਵਾਦ ਤੋਂ ਪਹਿਲਾਂ ਦਾ ਰਵਾਇਤੀ ਪੰਜਾਬ ਹੈ, ਦੂਜੇ ਪਾਸੇ ਅਜੋਕਾ ਹਰ ਪਾਸਿਆਂ ਤੋਂ ਪ੍ਰਦੂਸ਼ਿਤ ਤੇ ਖਪਤੀ ਪੰਜਾਬ।

ਇਸ ਨਾਵਲ ਦੇ ਥੀਮ ਤੇ ਇਸ ਦੀ ਬਣਤਰ ਸੰਬੰਧੀ ਕਈ ਸਵਾਲ ਉਭਰਦੇ ਹਨ। ਪੰਜਾਬ ਵਿਚ ਨਸ਼ਿਆਂ ਵਾਂਗ ਮਾਈਨਿੰਗ ਇਕ ਵੱਡਾ ਸਿਆਸੀ ਮੁੱਦਾ ਬਣ ਚੁੱਕੀ ਹੈ। ਇਹ ਮੁੱਦੇ ਲਗਾਤਾਰ ਮੀਡੀਏ ਦੀਆਂ ਸੁਰਖੀਆਂ ਵਿਚ ਵੀ ਹਨ। ਇਹ ਵੀ ਨਹੀਂ ਕਿ ਸਾਹਿਤ ਵਿਚ ਸਿਆਸਤ ਜਾਂ ਮੀਡੀਆ ਦੇ ਮੁੱਦੇ ਉਠਾਏ ਨਹੀਂ ਜਾ ਸਕਦੇ। ਇਹ ਉਠਾਏ ਜਾ ਸਕਦੇ ਹਨ ਪਰ ਇਨ੍ਹਾਂ ਵਿਚ ਕੋਈ ਨਵੀਂ ਜਾਂ ਵੱਖਰੀ ਸੂਝ ਵਾਲੀ ਕਲਾਤਮਕ ਸ਼ਿਲਪ ਵੀ ਤਾਂ ਹੋਣੀ ਚਾਹੀਦੀ ਹੈ। ਪਰ ਇਸ ਪੱਖ ਤੋਂ ਨਾਵਲ ਵਿਚ ਕੁਝ ਵੀ ਨਵਾਂ ਨਹੀਂ ਹੈ। ਇਹ ਜਾਣਿਆਂ-ਪਛਾਣਿਆਂ ਹੱਢ ਤੇ ਜੱਗ ਹੰਢਾਇਆ ਵਾਸਤਵਿਕ ਅਨੁਭਵ ਹੈ। ਅਜੇਹੇ ਮੁੱਦਿਆਂ ਦੀਆਂ ਚੀਕਾਂ ਜਾਂ ਧੁੰਮਾਂ ਨਿੱਤ ਦਿਨ ਸਿਆਸੀ ਤੇ ਪੱਤਰਕਾਰੀ ਪਲੇਟਫਾਰਮ ਉੱਤੇ ਗੂੰਜ ਰਹੀਆਂ ਹਨ। ਸਾਹਿਤ ਨੇ ਮੁੱਖ ਰੂਪ ਵਿਚ ਹਾਲਾਤ ਦੇ ਵੇਗ ਤਹਿਤ ਮਨੁੱਖੀ ਅਸਲੇ ਦੀ ਬਦਲ ਰਹੀ ਫ਼ਿਤਰਤ ਨੂੰ ਪਕੜਨਾ ਹੁੰਦਾ ਹੈ। ਅਜੇਹੀ ਪੇਸ਼ਕਾਰੀ ਸਹਿਜਭਾਵੀ ਵੀ ਲੱਗੇ ਤੇ ਸੁਭਾਵਕ ਵੀ। ਇਸ ਨਾਵਲ ਦੇ ਪਾਤਰਾਂ ਦੀ ਬਣਤਰ ਇਕਹਿਰੀ ਤੇ ਅਸੁਭਾਵਿਕ ਕਿਸਮ ਦੀ ਹੈ। ਪ੍ਰਗਟ ਸਿੰਘ, ਬੌਬੀ, ਦੀਪੇ ਤੇ ਸੁੱਖੀ ਵਰਗੇ ਪਾਤਰਾਂ ਵਿਚ ਕਿਤੇ ਵੀ ਆਪਣੇ ਵਿਹਾਰ ਪ੍ਰਤੀ ਨਾ ਕੋਈ ਦੁਬਿਧਾ ਹੈ, ਨਾ ਆਪਣੀ ਸੋਚ ਦਾ ਕੋਈ ਦੂਜਾ ਪੱਖ। ਇਹ ਸਭ ਪਾਤਰ ਇਕਹਿਰੀ ਵਨ-ਵੇਅ ਟਰੈਫਿਕ ਵਰਗੇ ਹਨ। ਅਜੇਹੇ ਪਾਤਰ ਪੱਤਰਕਾਰੀ ਖ਼ਬਰਾਂ ਵਾਂਗ ਝੱਟ ਬਾਅਦ ਪਾਠਕਾਂ ਦੇ ਚੇਤਿਆਂ ਵਿਚੋਂ ਕਿਰਨ ਲੱਗਦੇ ਹਨ। ਕੁਝ ਨਾਵਲੀ ਘਟਨਾਵਾਂ ਤੇ ਪਾਤਰਾਂ ਦੇ ਵਿਹਾਰ ਦੀ ਖ਼ਾਸੀਅਤ ਵੀ ਜਾਸੂਸੀ ਨਾਵਲਾਂ ਵਰਗੀ ਰੁਮਾਂਚਕਤਾ ਤੋਂ ਮੁਕਤ ਨਹੀਂ ਹੈ। ਪਰਵਾਨਾ ਅਜੋਕੇ ਤੇਜ਼ ਗਤੀ ਵਰਤਾਰੇ ਦੀਆਂ ਘਟਨਾਵਾਂ ਨੂੰ ਝੱਟਪੱਟ ਤੇ ਤੇਜ਼ੀ ਨਾਲ ਫੜਨ ਦੀ ਕਾਹਲ ਦਾ ਸ਼ਿਕਾਰ ਹੈ। ਪਰਵਾਨਾ ਸੂਝਵਾਨ ਤੇ ਸੁਹਿਰਦ ਲੇਖਕ ਤਾਂ ਹੈ, ਪਰ ਘਟਨਾਵਾਂ ਨੂੰ ਇਕ ਕਾਲ ਵਿੱਥ 'ਤੇ ਖਲ੍ਹੋ ਕੇ ਵੇਖਣ ਵਾਲੇ ਸਾਹਿਤਕ ਠਰੰਮੇ ਤੇ ਸ਼ਿਲਪੀ ਸੰਜਮ ਦੀ ਵੀ ਲੋੜ ਹੁੰਦੀ ਹੈ। ਸਾਹਿਤ ਨੇ ਵਾਸਤਵਿਕ ਘਟਨਾਵਾਂ ਨੂੰ ਝੱਟਪੱਟ ਨਹੀਂ, ਦੀਰਘ-ਦ੍ਰਿਸ਼ਟੀ ਨਾਲ ਇਕ ਸ਼ਿਲਪੀ ਨਜ਼ਰ ਨਾਲ ਵਾਚਣਾ ਹੁੰਦਾ ਹੈ। ਤਟਫ਼ਟ ਵਾਲੀ ਤੇਜ਼ੀ

ਪੱਤਰਕਾਰੀ ਲਈ ਹੀ ਦਰੁੱਸਤ ਹੁੰਦੀ ਹੈ, ਪਰ ਸਾਹਿਤ ਲਈ ਨਹੀਂ। ਸਾਹਿਤ ਵਿਚ ਵਾਸਤਵਿਕਤਾ ਵਸਤੂ-ਯਥਾਰਥ ਦਾ ਬਦਲ ਨਹੀਂ ਕੇਵਲ ਕੱਚੀ ਸਮੱਗਰੀ ਹੁੰਦੀ ਹੈ। ਇਸ ਦਾ ਸਾਹਿਤਕ ਯਥਾਰਥ ਵਜੋਂ ਸੁਭਾਵਕ ਗਲਪੀ ਰੂਪ ਵਿਚ ਢਲਣਾ ਲਾਜ਼ਮੀ ਹੈ।

**ਸਿਆੜਾਂ ਦੀ ਕਰਵਟ** ਪਰਵਾਨਾ ਦਾ 2021 ਵਿਚ ਛਪਿਆ ਨਾਵਲ ਹੈ। ਇਸ ਦੇ ਵਿਸ਼ਾ-ਵਸਤੂ ਦੀ ਪਿੱਠ-ਭੂਮੀ ਵਿਚ ਉਹ ਸਭ ਤੰਦਾਂ ਜਾਂ ਪਰਤਾਂ ਸ਼ਾਮਿਲ ਹਨ, ਜੋ ਪਰਵਾਨਾ ਦੇ ਪਹਿਲੇ ਨਾਵਲਾਂ ਵਿਚ ਵੀ ਸ਼ਾਮਿਲ ਹਨ। ਇਸ ਨਾਵਲ ਦੀ ਆਧਾਰ ਸਮੱਗਰੀ ਵਿਚ ਮੁੱਖ ਥੀਮ 'ਕਿਸਾਨ ਅੰਦੋਲਨ' ਹੈ। ਪਰਵਾਨਾ ਕਿਸਾਨੀ ਅੰਦੋਲਨ ਨੂੰ ਕਿਸਾਨੀ ਸਮੱਸਿਆ ਦੇ ਸਿੱਟੇ ਵਜੋਂ ਵੀ ਵੇਖਦਾ ਹੈ ਤੇ ਸਮੱਸਿਆਵਾਂ ਦੇ ਰਾਹ ਦਿਸੇਰੇ ਵਜੋਂ ਵੀ। ਕਿਸਾਨੀ ਅੰਦੋਲਨ ਨੇ ਜਿਵੇਂ ਆਪਣੇ ਸੰਘਰਸ਼ ਦੇ ਵੱਡੇ ਸਿਰੜ, ਜ਼ਬਤ ਤੇ ਮਾਨਵੀਂ ਪਰਿਪੇਖ ਵਜੋਂ 'ਲੋਕ ਅੰਦੋਲਨ' ਬਣਾ ਲਿਆ ਹੈ, ਇਸ ਤੋਂ ਪੂਰੀ ਦੁਨੀਆਂ ਪ੍ਰਭਾਵਿਤ ਵੀ ਹੋਈ ਹੈ ਤੇ ਕਾਇਲ ਵੀ। ਇਸ ਨੇ ਭਾਰਤੀ ਹੀ ਨਹੀਂ ਬਲਕਿ ਪੂਰੀ ਦੁਨੀਆਂ ਦੇ ਕਾਰਪੋਰੇਟ ਜਗਤ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਅੰਦੋਲਨ ਨੇ ਅੜ੍ਹੇ-ਥੁੜ੍ਹੇ ਵਰਗ ਨੂੰ ਨਵਾਂ ਵਿਸ਼ਵਾਸ ਦਿੱਤਾ ਹੈ। ਇਸ ਅੰਦੋਲਨ ਵਿਚੋਂ ਪੁਰਾਣੀ ਹੀ ਨਹੀਂ, ਨਵੀਂ ਪੀੜ੍ਹੀ ਨੂੰ ਵੀ ਵਿਸ਼ੇਸ਼ ਧਰਵਾਸ ਮਿਲਦਾ ਹੈ। ਇਹ ਅੰਦੋਲਨ ਹਕੂਮਤਾਂ ਜਾਂ ਸੱਤਾਧਾਰੀਆਂ ਲਈ ਵੱਡੀ ਵੰਗਾਰ ਬਣ ਗਿਆ ਹੈ। ਇਸ ਅੰਦੋਲਨ ਦੇ ਮੋਹਰੇ ਲੱਗੀ ਪੰਜਾਬੀ ਕਿਸਾਨੀ ਦੀਆਂ ਸਭ ਸਮੱਸਿਆਵਾਂ ਉੱਤੇ ਪਰਵਾਨਾ ਨੇ ਪੰਛੀ ਝਾਤ ਪੁਆਈ ਹੈ। ਇਸ ਨਾਵਲ ਵਿਚ ਵੀ ਪਰਵਾਨਾ ਦੇ ਪਿਛਲੇ ਨਾਵਲਾਂ ਦੀਆਂ ਕਥਾ-ਰੂੜੀਆਂ ਸਿਰ ਚੁੱਕਦੀਆਂ ਹਨ। ਹਰ ਵਿਆਹੀ ਔਰਤ ਦੇ ਪਤੀ-ਪਤਨੀ ਬਾਹਰੇ ਸੰਬੰਧ ਅਤੇ ਨੌਜਵਾਨ ਮੁੰਡੇ-ਕੁੜੀਆਂ ਦਾ ਖੂਹਾਂ-ਬੰਬੀਆਂ 'ਤੇ ਮਿਲਣੀ ਦਾ ਭੋਗ-ਵਿਲਾਸ ਵੀ ਸਿਆੜਾਂ ਦੀ ਕਰਵਟ ਵਿਚ ਨਾਲੋਂ-ਨਾਲ ਚੱਲਦਾ ਹੈ। ਇਸ ਨਾਵਲ ਦੀ ਮੁੱਖ ਸਮੱਸਿਆ ਗਾਲਪਨਿਕ ਨਾਲੋਂ ਆਲੋਚਕੀ ਸੰਵਾਦ ਸੰਬੰਧੀ ਹੈ। ਹਰ ਸਾਹਿਤਕਾਰ ਭਾਵੇਂ ਆਲੋਚਕ ਹੁੰਦਾ ਹੀ ਹੈ, ਪਰ ਸਾਹਿਤ ਵਿਚ ਆਲੋਚਕੀ ਨਜ਼ਰ ਹਮੇਸ਼ਾ ਪਿਛਲੇਰੇ ਜਾਂ ਦੂਜੈਲੇ ਪੱਧਰ 'ਤੇ ਰਹਿੰਦੀ ਹੈ। ਪਰ ਪਰਵਾਨਾ ਦੇ ਇਸ ਨਾਵਲ ਵਿਚ ਲੇਖਕ ਉੱਤੇ ਆਲੋਚਕ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਹੈ। ਪਰਵਾਨਾ ਦੀ ਨਾਵਲ ਵਿਚ ਥਾਂ-ਪੁਰ-ਥਾਂ ਆਲੋਚਨਾ ਵਾਲੀ ਕਾਣ ਰੜਕਦੀ ਹੈ। ਇਸ ਕਰਕੇ ਪਾਠਕ ਜਾਂ ਆਲੋਚਕ ਪਾਸ ਆਪਣੇ ਵੱਲੋਂ ਕੁਝ ਸਮਝਣ ਜਾਂ ਕਹਿਣ ਦੀ ਕੋਈ ਗੁੰਜਾਇਸ਼ ਹੀ ਨਹੀਂ ਬਚਦੀ ਹੈ। ਇਸ ਨਾਵਲ ਦੀ ਪੜ੍ਹਤ ਸੰਬੰਧੀ ਪਾਠਕ ਤੇ ਆਲੋਚਕ ਆਪਣੇ-ਆਪ ਨੂੰ ਬਿਲਕੁਲ ਨਿਹੱਥਾ ਮਹਿਸੂਸ ਕਰਦਾ ਹੈ। ਇਹ ਨਾਵਲ ਭਾਵੇਂ ਆਪਣੇ ਸਮਕਾਲ ਦੇ ਸਭ ਤੋਂ ਵੱਡੇ ਅੰਦੋਲਨ ਨਾਲ ਸੰਬੰਧਿਤ ਹੈ, ਪਰ ਕਲਾ-ਪੱਖ ਤੋਂ ਇਹ ਵੱਡੀ ਰਚਨਾ ਨਹੀਂ ਹੈ।

ਪਰਮਜੀਤ ਸਿੰਘ ਜੱਜ ਦਾ 2020 ਵਿਚ ਛਪਿਆ ਨਾਵਲ **ਪੜਤਾਲ** ਹੈ। ਜੱਜ ਦੇ ਪਹਿਲੇ ਨਾਵਲਾਂ ਵਾਂਗ ਇਸ ਨਾਵਲ ਦਾ ਵਿਸ਼ਾ ਵੀ ਬਿਲਕੁਲ ਵੱਖਰਾ ਹੈ। ਇਸ ਵਿਚ ਮੁੱਖ ਕਥਾ ਪਿੰਡ ਵਿਚ ਅਮਰੀਕ ਸਿੰਘ ਦੇ ਕਤਲ ਦੀ ਪੜਤਾਲ ਸੰਬੰਧੀ ਹੈ। ਸ਼ੁਰੂ ਵਿਚ ਇਸ ਨਾਵਲ ਦੀ ਬਣਤਰ ਇਕ ਰਹੱਸ ਸਿਰਜਦੀ ਹੋਈ ਕਿਸੇ ਜਾਸੂਸੀ ਰਚਨਾ ਵਰਗੀ ਜਾਪਦੀ ਹੈ। ਪਰ ਫਿਰ ਛੇਤੀ ਹੀ ਨਾਵਲੀ ਬਿਰਤਾਂਤ ਸਾਡੀ ਮਨੋ-ਸਮਾਜਕ ਸਥਿਤੀ ਨੂੰ ਇਤਿਹਾਸ-ਮਿਥਿਹਾਸ ਦੇ ਹਵਾਲਿਆਂ ਨਾਲ ਸਮਝਣ-ਸਮਝਾਉਣ ਦੀ ਰਵਾਨਗੀ ਪਕੜ੍ਹ ਲੈਂਦਾ ਹੈ। ਨਾਵਲੀ ਕਥਾ ਨੂੰ ਅੱਗੇ ਤੋਂ ਅੱਗੇ ਜਾਣਨ ਸੰਬੰਧੀ ਪਾਠਕ ਦੀ ਵਿਸ਼ੇਸ਼ ਦਿਲਚਸਪੀ ਤੇ ਉਤਸੁਕਤਾ ਬਣੀ ਰਹਿੰਦੀ ਹੈ। ਨਾਵਲ ਵਿਚ ਪੜਤਾਲ ਸੰਬੰਧੀ ਪੁਲਿਸ ਅਫ਼ਸਰ (ਬਲਦੇਵ ਸਿੰਘ ਸਲਾਰੀਆ) ਦਾ ਵਿਹਾਰ ਬਿਲਕੁਲ ਵੱਖਰਾ ਤੇ ਨਿਵੇਕਲਾ ਹੈ। ਪੁਲਿਸ ਅਫ਼ਸਰ ਕਤਲ ਕੀਤੇ ਜਾਣ ਦੇ ਹਾਲਾਤ ਤੇ ਵਰਤਾਰੇ ਨੂੰ ਕੁਰੇਦਣ ਦੀ ਕੋਸ਼ਿਸ਼ ਕਰਦਾ ਹੈ। ਇਸ ਨਾਵਲ ਵਿਚੋਂ ਇਹ ਧੁਨੀ ਗੂੰਜਦੀ ਹੈ ਕਿ ਅਸਲ ਸੱਚ ਉਹ ਹੈ ਜੋ ਹਾਲਾਤ ਵਿਚੋਂ ਉਪਜਦਾ ਹੈ। ਪੁਲਿਸ ਅਫ਼ਸਰ ਖਾਹਮਖਾਹ ਦੀਪੋ ਨੂੰ ਤਫ਼ਤੀਸ ਵਿਚ ਘਸੀਟਣ ਦੀ ਥਾਂ ਮਾਨਵੀਂ ਪਰਿਪੇਖ ਅਧੀਨ ਬਿਨਾਂ ਕੋਈ ਦੋਸ਼ ਦਿੱਤੇ ਦੋਸ਼ੀ (ਦੀਪੋ) ਨੂੰ ਦੋਸ਼-ਮੁਕਤ ਕਰਾਰ ਦਿੰਦਾ ਹੈ। ਅਜੇਹੇ ਪੁਲਿਸ ਅਫ਼ਸਰ ਦਾ ਵਿਹਾਰ ਸਾਡੇ ਆਮ ਪੁਲਸੀਆ ਵਿਹਾਰ ਤੋਂ ਬਿਲਕੁਲ ਵੱਖਰਾ ਵੀ ਹੈ ਤੇ ਅਸਾਧਾਰਨ ਵੀ। ਇਸ ਨਾਵਲ ਵਿਚ ਮੁੱਖ ਕਥਾ ਦੇ ਨਾਲ-ਨਾਲ ਪਰਸ ਰਾਮ ਸੰਬੰਧੀ ਭਾਰਤੀ ਮਿੱਥ ਕਥਾ ਵੀ ਚੱਲਦੀ ਹੈ। ਪਰਸ ਰਾਮ ਦੀ ਮਾਂ ਰੇਣੁਕਾ ਦਾ ਕਿਸੇ ਵਿਭਚਾਰ ਦੇ ਦੋਸ਼ ਵਿਚ ਪਹਿਲਾਂ ਕਤਲ ਹੋ ਜਾਂਦਾ ਹੈ। ਮਿੱਥ ਕਥਾ ਅਨੁਸਾਰ ਫਿਰ ਉਹ ਜੀਵਿਤ ਹੋ ਜਾਂਦੀ ਹੈ। ਇਸ ਤਰ੍ਹਾਂ ਇਹ ਨਾਵਲ ਆਪਣੀ ਪਰੰਪਰਾ ਦੇ ਹਵਾਲੇ ਨਾਲ ਔਰਤ ਨੂੰ ਬਿਨਾਂ ਵਜ੍ਹਾਂ ਕੋਈ ਦੋਸ਼ ਦੇਣ ਅਤੇ ਨਿੱਤ-ਦਿਨ ਉਸ ਦੇ ਮਾਨਸਿਕ ਰੂਪ ਵਿਚ ਜੰਮਣ-ਮਰਨ ਦੇ ਪ੍ਰਸੰਗ ਵਿਚ ਇਕ ਨਵੀਂ ਵਿਚਾਰ ਉਤੇਜਕ ਰਚਨਾ ਹੈ। ਇਸ ਦੀ ਨਾਵਲੀ ਬਣਤਰ ਅੰਦਰ ਪਾਠਾਂ ਅੰਦਰ ਪਾਠ ਦੀ ਜੁਗਤ ਵਰਤੀ ਹੈ। ਇਨ੍ਹਾਂ ਦੋਨਾਂ ਪਾਠਾਂ ਦੇ ਰਲੇਵੇਂ ਵਿਚੋਂ ਸਮਾਜ ਅੰਦਰ ਵਾਪਰਦੀਆਂ ਲੁਪਤ ਘਟਨਾਵਾਂ ਦੇ ਅਸਲ ਯਥਾਰਥ ਨੂੰ ਵੇਖਣ-ਪਰਖਣ ਸੰਬੰਧੀ ਔਰਤ ਪੱਖੀ ਨਵਾਂ ਮਾਨਵੀਂ ਪ੍ਰਸੰਗ ਉਜਾਗਰ ਹੁੰਦਾ ਹੈ।

ਮਨਮੋਹਨ ਦਾ 2021 ਵਿਚ ਛਪਿਆ ਨਾਵਲ **ਸਹਜ ਗੁਫਾ ਮਹਿ ਆਸਣੁ** ਵੀ ਇਤਿਹਾਸ-ਮਿਥਿਹਾਸ ਦੇ ਪ੍ਰਸੰਗ ਵਿਚ ਅਜੋਕੇ ਜੀਵਨ ਨੂੰ ਜਾਣਨ ਤੇ ਸਮਝਣ ਵਾਲੀ ਇਕ ਜਟਿਲ ਰਚਨਾ ਹੈ। ਭਰਥਰੀ ਹਰੀ ਦੇ ਹਵਾਲੇ ਨਾਲ ਮਨੁੱਖੀ ਜੀਵਨ ਨੂੰ ਲਾਲਸਾਵਾਂ, ਪ੍ਰੇਮ, ਭੋਗ-ਵਿਲਾਸ, ਰਾਜ, ਤਿਆਗ, ਵੈਰਾਗ ਤੇ ਮੁਕਤੀ ਦੇ ਪ੍ਰਸੰਗ ਵਿਚ ਸਮਝਣ ਦਾ ਯਤਨ ਕੀਤਾ ਗਿਆ ਹੈ। ਜੀਵਨ ਬਾਕੀ ਸਭ ਰੰਗਾਂ ਵਿਚ ਜੀਵਨ ਬਿਨਾਂ ਕਿਸੇ ਸਹਿਜ ਰਵਾਨਗੀ ਦੇ ਇਕ ਵਾਧੂ ਦਾ ਖਲਜਗਣ ਜਾਪਦਾ ਹੈ। ਜੀਵਨ ਦੀ ਅਸਲ ਸੱਚਾਈ, ਮਹੱਤਤਾ ਅਤੇ ਹੋਂਦ ਨੂੰ ਦਾਰਸ਼ਨਿਕ ਲਹਿਜੇ ਵਿਚ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਘਟਨਾਵਾਂ ਜਾਂ ਸਮਕਾਲ ਦੀਆਂ ਸੁਰਖੀਆਂ ਤੋਂ ਹਟ ਕੇ ਲਿਖੀ ਗਈ ਇਕ ਵੱਖਰੀ ਰਚਨਾ ਹੈ।

**ਕਵਣੁ ਦੇਸ ਹੈ ਮੇਰਾ** ਨਛੱਤਰ ਦਾ 2021 ਵਿੱਚ ਛਪਿਆ ਸੱਤਵਾਂ ਨਾਵਲ ਹੈ। ਨਛੱਤਰ ਵੀ ਪਰਵਾਨਾ ਵਾਂਗ ਮੁੱਖ ਰੂਪ ਵਿਚ ਵਰਤਮਾਨ ਸਮਿਆਂ ਦੀਆਂ ਵੱਡੀਆਂ ਸਮੱਸਿਆਵਾਂ ਜਾਂ ਘਟਨਾਵਾਂ ਨੂੰ ਪੇਸ਼ ਕਰਨ ਵਾਲਾ ਨਾਵਲਕਾਰ ਹੈ। ਇਹ ਨਾਵਲ ਨੌਜਵਾਨ ਪੀੜ੍ਹੀ ਦੀ ਪਰਵਾਸ ਸਮੱਸਿਆ ਨਾਲ ਸੰਬੰਧਿਤ ਹੈ। ਇਥੋਂ ਗਈ ਨਵੀਂ ਪੀੜ੍ਹੀ ਆਪਣਾ ਦੇਸ਼ ਜਾਂ ਖਿੱਤਾ ਛੱਡ ਕੇ ਬਾਹਰ ਜਾ ਰਹੀ ਹੈ। ਪਰ ਵਿਦੇਸ਼ੀ ਧਰਤੀ ਦਾ ਸਮੁੱਚਾ ਵਾਤਾਵਰਣ ਅਜੇਹੀ ਪੀੜ੍ਹੀ ਲਈ ਕਈ ਪੱਖਾਂ ਤੋਂ ਓਪਰਾ ਤੇ ਬੇਗਾਨਾ ਹੈ। ਇਸ ਕਰਕੇ ਇਹ ਮਨੋ-ਸਮਾਜਕ ਸੱਚ ਸਾਹਮਣੇ ਆਉਂਦਾ ਹੈ ਕਿ ਅਸਲ ਵਿਚ ਇਸ ਪਰਵਾਸ ਕਰ ਰਹੀ ਪੀੜ੍ਹੀ ਦਾ ਦੇਸ਼ ਕਿਹੜਾ ਹੈ? ਅਜੇਹਾ ਸਵਾਲ ਹੀ ਇਕ ਸਮੱਸਿਆ ਵਜੋਂ ਇਸ ਨਾਵਲ ਦੇ ਨਾਮਕਰਣ ਵਿਚੋਂ ਵੀ ਉੱਭਰਦਾ ਹੈ।

ਪੰਜਾਬ ਪੜ੍ਹਿਆਂ-ਲਿਖਿਆਂ ਲਈ ਰੁਜ਼ਗਾਰ ਸੰਬੰਧੀ ਕਈ ਸੀਮਾਵਾਂ ਦੇ ਰੂਬਰੂ ਹੈ। ਇਸ ਦੇ ਸਿੱਟੇ ਵਜੋਂ ਹੀ ਨੌਜਵਾਨ ਪੀੜ੍ਹੀ ਨੇ ਆਈਲੈੱਟਸ ਤੇ ਸਟੱਡੀ ਵੀਜੇ ਰਾਹੀਂ ਕੈਨੇਡਾ ਵੱਲ ਮੂੰਹ ਕਰ ਲਿਆ ਹੈ। ਇਹ ਰੁਝਾਣ ਇਥੋਂ ਦੇ ਲੋੜਵੰਦਾਂ ਵਿਚ ਵੀ ਹੈ ਤੇ ਸੌਖੇ ਪਰਿਵਾਰਾਂ ਵਿਚ ਵੀ। ਕਿਉਂਕਿ ਇਥੇ ਹਰੇਕ ਸ਼੍ਰੇਣੀ ਨੂੰ ਆਪਣਾ ਆਉਣ ਵਾਲਾ ਭਵਿੱਖ ਅਸੁਰੱਖਿਅਤ, ਅਨਿਸ਼ਚਿਤ ਤੇ ਡਾਵਾਂਡੋਲ ਜਾਪਣ ਲੱਗ ਪਿਆ ਹੈ। ਪਰ ਪਰਵਾਸ ਵੀ ਕੋਈ ਸਹਿਜ, ਸਰਲ ਤੇ ਸੌਖਾ ਕਾਰਜ਼ ਨਹੀਂ ਹੈ। ਬਾਹਰ ਗਏ ਵਿਦਿਆਰਥੀਆਂ/ਵਿਦਿਆਰਥਣਾਂ ਨੂੰ ਕਰੜੀ ਮੁਸ਼ੱਕਤ ਵਿਚੋਂ ਗੁਜ਼ਰਨਾ ਪੈਂਦਾ ਹੈ। ਇਸ ਸੰਬੰਧੀ ਲੜਕੀਆਂ ਦੀਆਂ ਆਪਣੀਆਂ ਹੋਰ ਵਿਸ਼ੇਸ਼ ਸਮੱਸਿਆਵਾਂ ਵੀ ਹਨ। ਨਛੱਤਰ ਵਿਭਿੰਨ ਕਿਸਮ ਦੇ ਪਾਤਰਾਂ ਰਾਹੀਂ ਆਪਣੇ ਵਿਸ਼ੇ ਦੀਆਂ ਵਿਭਿੰਨ ਤੰਦਾਂ ਦੀ ਥੀਮਿਕ ਇਕਾਈ ਉਸਾਰਦਾ ਹੈ। ਇਸ ਨਾਵਲ ਦੀ ਵੱਡੀ ਵਿਸ਼ੇਸ਼ਤਾ ਕੈਨੇਡਾ ਗਏ ਪ੍ਰਵਾਸੀਆਂ ਦੇ ਆਪਸੀ ਅੰਤਰ-ਵਿਰੋਧ ਨੂੰ ਚਿਤਰਣ ਵਿਚ ਹੈ। ਇਹ ਪਰਤ ਇਕ ਤਰ੍ਹਾਂ ਨਾਵਲੀ ਥੀਮ ਵਜੋਂ ਪੇਸ਼ ਹੋਈ ਨਜ਼ਰ ਆਉਂਦੀ ਹੈ। ਇਸ ਨਾਵਲ ਵਿਚ ਅਜੇਹੇ ਥੀਮ ਸੰਬੰਧੀ ਦਲੇਰ ਸਿੰਘ ਇਕ ਸੂਤਰਧਾਰ ਵਜੋਂ ਪੇਸ਼ ਹੋਇਆ ਪਾਤਰ ਹੈ। ਇਹ ਪਰਵਾਸ ਦੇ ਵਰਤਾਰੇ ਸੰਬੰਧੀ ਸੈਮੀਨਾਰ ਦਾ ਪ੍ਰਬੰਧ ਕਰਦਾ ਹੈ। ਬਹੁਤ ਸਾਰੇ ਕੈਨੇਡਾ ਵਿਚ ਵੱਸੇ ਪਰਿਵਾਰ ਨਵੇਂ ਆ ਰਹੇ ਪੰਜਾਬੀਆਂ ਨੂੰ ਆਪਣੀ ਪੀੜ੍ਹੀ ਲਈ ਇਕ ਖ਼ਤਰੇ ਵਜੋਂ ਵੇਖਦੇ ਹਨ। ਇਸ ਕਰਕੇ ਅਜੇਹੇ ਹੁਣ ਨਵੇਂ ਆ ਰਹੇ ਪ੍ਰਵਾਸੀਆਂ ਦਾ ਵੱਡਾ ਵਿਰੋਧ ਕਰਦੇ ਹਨ। ਪਰ ਦਲੇਰ ਸਿੰਘ ਇਸ ਤੋਂ ਉਲਟ ਵਿਚਾਰ ਰੱਖਦਾ ਹੈ। ਦਲੇਰ ਸਿੰਘ ਦਾ ਇਹ ਮੰਨਣਾ ਹੈ ਕਿ ਕਦੀ ਸਾਡੇ ਵਰਗੀ ਵੱਡੀ ਪੀੜ੍ਹੀ ਵੀ ਕਈ ਸਮੱਸਿਆਵਾਂ ਦੇ ਰੂਬਰੂ ਹੁੰਦੀ ਆਪਣੀ ਕਰੜੀ ਮਿਹਨਤ ਨਾਲ ਕੈਨੇਡਾ ਸੈੱਟ ਹੋਈ ਅਤੇ ਅਜੇਹਾ ਹੱਕ ਹੁਣ ਨਵਿਆਂ ਨੂੰ ਵੀ ਹੋਣਾ ਚਾਹੀਦਾ ਹੈ। ਅਜੇਹੇ ਸਭ ਪੱਖਾਂ ਨੂੰ ਵਿਚਾਰਨ ਸੰਬੰਧੀ ਹੀ ਬਰੈਮਟਨ (ਕੈਨੇਡਾ) ਵਿਚ ਸੈਮੀਨਾਰ ਕੀਤਾ ਜਾਂਦਾ ਹੈ। ਪੁਰਾਣੇ ਸੈਟਲ ਹੋਏ ਕੁਝ ਪਰਵਾਸੀ ਪਰਿਵਾਰ ਆਪਣੇ ਬੱਚਿਆਂ ਦੇ ਚੰਗੇਰੇ ਭਵਿੱਖ ਤੇ ਸੁਰੱਖਿਆ ਦੇ ਪੱਖ ਤੋਂ ਨਵੇਂ ਪਰਵਾਸੀਆਂ ਨੂੰ ਖ਼ਤਰਾ ਸਮਝਦੇ ਹਨ। ਇਹ ਸੈਮੀਨਾਰ ਵਿਚਾਰਾਂ ਦਾ ਸੰਵਾਦ ਨਾ ਰਹਿ ਕੇ ਆਮ ਪੰਜਾਬੀਆਂ ਦੀ ਫ਼ਿਤਰਤ ਵਾਂਗ ਆਪਸੀ ਕਾਂਵਾਂ-ਰੌਲੀ ਵਿਚ ਨਿਪਟਦਾ ਹੈ। ਪਰ ਇਸ ਸੈਮੀਨਾਰ ਵਿਚੋਂ ਉੱਭਰਦੀਆਂ ਸੁਰਾਂ ਵਿਚੋਂ ਜਮਾਤੀ ਹਿੱਤਾਂ ਦੀ ਲੜਾਈ ਜਾਤ, ਧਰਮ ਦੇ ਮਸਲੇ ਨਾਲ-ਨਾਲ ਨਿੱਜ ਤੇ ਪਰ ਦੀ ਤਰਫ਼ਦਾਰੀ ਵਰਗੇ ਕਈ ਪੱਖ ਉੱਭਰਦੇ ਹਨ। ਅਜੇਹੇ ਵਿਚਾਰਾਂ ਦੇ ਭੇੜ ਨੂੰ ਨਾਵਲਕਾਰ ਇਕ ਖੁੱਲ੍ਹੇ ਮੁਸ਼ਾਹਦੇ ਵਜੋਂ ਪੇਸ਼ ਕਰਦਾ ਹੈ। ਕੈਨੇਡਾ ਵਿਚ ਪੰਜਾਬੀਆਂ ਦੀ ਆਪੋ-ਆਪਣੇ ਹਿੱਤਾਂ ਦੇ ਪੱਖ ਤੋਂ ਆਪਸੀ ਲੜਾਈ ਵੀ ਸ਼ੁਰੂ ਹੋ ਚੁੱਕੀ ਹੈ। ਅਜੇਹੀ ਨਵੀਂ ਸੱਚਾਈ ਨੂੰ ਪੇਸ਼ ਕਰਨ ਵਾਲਾ ਇਹ ਪਹਿਲਾ ਨਾਵਲ ਹੈ। ਪਰਵਾਸੀਆਂ ਦੀ ਕੈਨੇਡਾ ਵਿਚ ਸ਼ੁਰੂ ਹੋ ਗਈ ਆਪਸੀ ਖਾਨਾ-ਜੰਗੀ ਇਕ ਚਿੰਤਾ ਦਾ ਵਿਸ਼ਾ ਹੈ। ਇਸ ਵੱਲ ਨਾਵਲਕਾਰ ਨੇ ਸਾਡਾ ਧਿਆਨ ਖਿੱਚਿਆ ਹੈ।

ਇਸ ਨਾਵਲ ਵਿਚ ਖੇਤੀ ਇਕ ਘਾਟੇਵੰਦ ਸੌਦਾ, ਨੌਕਰੀਆਂ ਦੀ ਅਣਹੋਂਦ, ਆਰਥਿਕ ਗੁਰਬਤ, ਨਸ਼ਿਆਂ, ਅੱਤਵਾਦ-ਵੱਖਵਾਦ, ਸਟੇਟ ਤਸ਼ੱਦਦ, ਮਾਪਿਆਂ ਦੀ ਇਕੱਲਤਾ ਅਤੇ ਰਿਸ਼ਤਿਆਂ ਦੀ ਟੁੱਟ-ਭੱਜ

ਵਗੈਰਾ ਦੇ ਅਨੇਕਾਂ ਪੱਖ ਉੱਭਰਦੇ ਹਨ। ਇਹ ਨਾਵਲ ਆਪਣੀ ਸਹਿਜ ਰਵਾਨਗੀ ਤੇ ਸਰਲ ਭਾਸ਼ਾ ਤਹਿਤ ਸੁਭਾਵਿਕਤਾ ਦਾ ਵੱਡਾ ਗੁਣ ਤਾਂ ਰੱਖਦਾ ਹੈ। ਪਰ ਸਾਰੇ ਪਾਤਰਾਂ ਦੀ ਬਿਨਾਂ ਕਿਸੇ ਸਥਾਨਕ ਰੰਗਤ ਦੇ ਇਕੋ ਜਿਹੀ ਭਾਸ਼ਾ ਅਤੇ ਕਥਾਕਾਰੀ ਵਿਚੋਂ ਲੰਮੇਰੀ ਕਹਾਣੀ ਵਰਗਾ ਪ੍ਰਭਾਵ ਕੁਝ ਅੱਖਰਦਾ ਹੈ।

ਬਲਦੇਵ ਸਿੰਘ ਦਾ ਨਾਵਲ **ਬਲਦਾ ਦਰਿਆ** (2021) ਵੀ ਨਛੱਤਰ ਦੇ ਨਾਵਲ ਵਾਂਗ ਬਾਹਰ ਜਾਣ ਦੀ ਸਮੱਸਿਆ ’ਤੇ ਆਧਾਰਿਤ ਹੈ। ਪੰਜਾਬ ਵਿਚ ਹੁਣ ਆਈਲੈਟਸ ਵਿਚ ਚੰਗੇ ਬੈਂਡ ਵਾਲੀ ਕੁੜੀ ਨੂੰ ਮੁੰਡੇ ਲਈ ਯੋਗ ਵਰ ਵਜੋਂ ਵੇਖਿਆ ਜਾਂਦਾ ਹੈ। ਮੁੰਡੇ ਵਾਲਿਆਂ ਵੱਲੋਂ ਖਰਚ ਕਰਵਾ ਕੇ ਬਾਹਰ ਗਈ ਕੁੜੀ ਪੰਜਾਬ ਤੋਂ ਆਏ ਪਤੀ ਜਾਂ ਮੁੰਡੇ ਨੂੰ ਮਿਲਣ ਤੋਂ ਇਨਕਾਰੀ ਹੋ ਜਾਂਦੀ ਹੈ। ਇਸ ਨਾਵਲ ਵਿਚ ਪਰਵਾਸ ਸਮੱਸਿਆ ਦਾ ਨਵਾਂ ਦ੍ਰਿਸ਼ ਪੇਸ਼ ਹੋਇਆ ਹੈ। ਅਜੇਹੇ ਸੌਦੇਬਾਜ਼ੀ ਦੇ ਵਿਆਹ ਵਿਚ ਪਾਤਰਾਂ ਦੀ ਆਪੋ ਵਿਚ ਨਾ ਕੋਈ ਰੂਹ ਦੀ ਸਾਂਝ ਹੈ ਤੇ ਨਾ ਵਿਚਾਰਾਂ ਦੀ। ਇਸ ਕਰਕੇ ਅਜੇਹੇ ਵਿਆਹ ਇਕ ਜੋਖ਼ਿਮ ਵਜੋਂ ਖੇਡੇ ਗਏ ਜੂਏ ਸਮਾਨ ਹਨ। ਵਿਆਹ ਦੀ ਅਜੇਹੀ ਸੌਦੇਬਾਜ਼ੀ ਦਾ ਨਰੜ ਅੰਤ ਆਪਣਾ ਸਾਹ-ਸਤ ਗਵਾ ਬਹਿੰਦਾ ਹੈ। ਪੰਜਾਬ ਵਿਚ ਨਸ਼ਿਆਂ ਦੇ ਰੁਝਾਣ, ਕਿਸਾਨੀ ਸੰਕਟ ਤੇ ਕਿਸਾਨੀ ਅੰਦੋਲਨ ਦੀਆਂ ਕਈ ਹੋਰ ਪਰਤਾਂ ਆਪਣੇ ਸਾਧਾਰਨ ਰੂਪ ਵਿਚ ਬਲਦੇ ਦਰਿਆ ਦੀ ਬਿਰਤਾਂਤਕ ਪਿੱਠ-ਭੂਮੀ ਵਿਚ ਸ਼ਾਮਿਲ ਹਨ। ਸਮੁੱਚੀ ਨਾਵਲੀ ਬਣਤਰ ਕੁਝ ਸਰਲ ਤੇ ਇਕਹਿਰੀ ਕਿਸਮ ਦੀ ਹੈ। ਬਲਦੇਵ ਸਿੰਘ ਅਤੇ ਬਲਬੀਰ ਪਰਵਾਨਾ ਸਾਡੇ ਹਰ-ਵਰਿਆਏ (ਹਰ ਵਰੇ ਨਾਵਲ ਛਪਵਾਉਣ ਵਾਲੇ) ਲੇਖਕ ਹਨ। ਕਈ ਹੋਰ ਖੇਤਰਾਂ ਵਿਚ ਹਰ-ਵਰਿਆਏ ਹੋਣਾ ਇਕ ਸੁਖਦ ਕਾਰਜ ਮੰਨਿਆ ਜਾਂਦਾ ਹੈ। ਪਰ ਸਾਹਿਤ ਰਚਨਾਵਾਂ ਦਾ ਧੜਾ-ਧੜ ਉਤਪਾਦਨ ਬਹੁਤ ਵਾਰ ਆਪਣੇ ਕਲਾਤਮਕ ਪੱਖ ਤੋਂ ਆਪਣੇ ਹੱਡ-ਗੋਡੇ ਤੁੜਵਾ ਬੈਠਦਾ ਹੈ। ਉਂਜ ਅਜੇਹੇ ਨਾਵਲਕਾਰ ਭਾਵੇਂ ਆਪਣੀ ਫਰਜ਼ ਪੂਰਤੀ ਤਹਿਤ ਆਪਣੇ ਸਮੇਂ ਦੀ ਹਰ ਸਮੱਸਿਆ ਨਾਲ ਤੁਰਨ ਦੀ ਕੋਸ਼ਿਸ਼ ਤਾਂ ਕਰਦੇ ਹਨ, ਪਰ ਇਹ ਛੇਤੀ-ਛੇਤੀ ਛਪਣ ਦੀ ਉਤਪਾਦ ਦੀ ਕਾਹਲ ਦੀ ਜਿੱਦ ਵਿਚ ਹੌਲੇ ਪਏ ਨਜ਼ਰ ਆਉਂਦੇ ਹਨ।

ਬਲਦੇਵ ਸਿੰਘ ਅਤੇ ਬਲਬੀਰ ਪਰਵਾਨਾ ਵਾਂਗ ਹਰਮਹਿੰਦਰ ਚਹਿਲ ਵੀ ਤੇਜ਼ੀ ਨਾਲ ਲਿਖਣ ਵਾਲਾ ਗਲਪਕਾਰ ਹੈ। ਇਸ ਦਾ 2021 ਵਿਚ ਛੱਪਿਆ ਨਾਵਲ **ਨਵਯੁਗ** ਵੀ ਵਿਸ਼ੇ ਵਜੋਂ ਪਰਵਾਸੀਆਂ ਦੇ ਘਰੇਲੂ/ ਪਰਿਵਾਰਕ ਮਸਲਿਆਂ ਨਾਲ ਸੰਬੰਧਿਤ ਹੈ। ਨਾਵਲਕਾਰ ਮੁਤਾਬਕ ਬਾਹਰ ਗਏ ਪੰਜਾਬੀ ਪਰਵਾਸੀਆਂ ਨੂੰ ਆਪਣੀ ਵਿਦੇਸ਼ ਵਿਚ ਪਲੀ-ਪੜ੍ਹੀ ਔਲਾਦ ਉੱਤੇ ਆਪਣੀ ਮਰਜ਼ੀ ਠੋਸਣ ਦੀ ਜਿੱਦ ਹੁਣ ਬਿਲਕੁਲ ਹੀ ਛੱਡ ਦੇਣੀ ਚਾਹੀਦੀ ਹੈ। ਪੰਜਾਬ ਤੋਂ ਆਏ ਕਰਮੀ ਦੇ ਪਤੀ ਦਰਸ਼ਣ ਦਾ ਪਿਛੋਕੜੀ ਵਿਹਾਰ, ਸਵਾਰਥ, ਸਾੜਾ, ਨਿਰਾਸ਼ਾ ਤੇ ਨਫ਼ਰਤ ਅਖ਼ੀਰ ਵੱਡੀ ਕਤਲੋਗਾਰਤ ਦੇ ਰੂਪ ਵਿਚ ਵੱਡੀ ਤਬਾਹੀ ਦਾ ਸਬੱਬ ਬਣਦਾ ਹੈ। ਮਾਪਿਆਂ ਦੀ ਚੋਣ ਜਾਂ ਮਰਜ਼ੀ ਅਨੁਸਾਰ ਔਲਾਦ ਦੇ ਅਣਜੋੜ ਵਿਆਹ ਅੰਤ ਪਰਿਵਾਰਕ ਟੁੱਟ-ਭੱਜ ਅਤੇ ਬਰਬਾਦੀ ਦਾ ਕਾਰਨ ਬਣਦੇ ਹਨ। ਨਾਵਲ ਵਿਚ ਨਵੀਂ ਪੀੜ੍ਹੀ ਦਾ ‘ਕਜ਼ਨ ਗਰੁੱਪ’ ਆਪਣੀਆਂ ਸਮੱਸਿਆਵਾਂ/ਮੁਸ਼ਕਲਾਂ ਤੇ ਲੋੜਾਂ ਅਨੁਸਾਰ ਆਪਣੇ ਫੈਸਲੇ ਲੈਣ ਲਈ ਵਧੇਰੇ ਸਮਰੱਥ ਤੇ ਸੂਝਵਾਨ ਰੂਪ ਵਿਚ ਪੇਸ਼ ਹੋਇਆ ਹੈ। ਨਵੀਂ ਪੀੜ੍ਹੀ ਦੇ ਗਰੁੱਪ ਵਿਚ ਕੁਲਦੀਪ ਆਪਣੇ ਵੱਡੇ ਪਰਿਵਾਰਕ ਕੁਨਬੇ ਲਈ ਇਕ ਰਹਿਬਰ ਤੇ ਰਾਹ-ਦਿਸੇਰੇ ਵਜੋਂ ਪੇਸ਼ ਹੋਇਆ ਹੈ। ਵਿਦੇਸ਼ਾਂ ਵਿਚ ਪੈਦਾ ਹੋਈ ਪਰਵਾਸੀਆਂ ਦੀ ਔਲਾਦ ਦੇ ਨਵੇਂ ਵਰਤਾਰੇ ਨੂੰ ਹੀ ‘ਨਵਯੁਗ’ ਕਿਹਾ ਗਿਆ ਹੈ। ਇਹ ਪਰਵਾਸੀ ਭਾਈਚਾਰੇ ਦੇ ਪਰਿਵਾਰਕ ਮਸਲਿਆਂ ਸੰਬੰਧੀ ਇਕ ਵੱਖਰੀ ਤੇ ਵਿਸ਼ੇਸ਼ ਰਚਨਾ ਹੈ। ਪਰ ਹਰਮਹਿੰਦਰ ਚਹਿਲ ਦੇ ਹੋਰ ਨਾਵਲਾਂ ਵਾਂਗ ਇਸ ਨਾਵਲ ਦੀ ਬਣਤਰ ਦੀਆਂ ਵੀ ਕੁਝ ਸੀਮਾਵਾਂ ਹਨ। ਇਸ ਵਿਚ ਘਟਨਾਵਾਂ ਦੀ ਰੁਮਾਂਚਿਕ ਰੰਗਤ ਦੇ ਨਾਲ-ਨਾਲ ਪਾਤਰਾਂ ਦੀ ਨੇਕ ਜਾਂ ਬਦ ਹੋਣ ਦੀ ਸਰਲ ਵੰਡ ਹੈ। ਇਸ ਤਰ੍ਹਾਂ ਦੀਆਂ ਰਚਨਾਵਾਂ ਬਹੁਤੀਵਾਰ ਵਿਸ਼ੇ ਵਜੋਂ ਖਾਸ ਹੁੰਦੀਆਂ ਵੀ ਪੇਸ਼ਕਾਰੀ ਦੇ ਪੱਖ ਤੋਂ ਆਮ ਹੋ ਕੇ ਰਹਿ ਜਾਂਦੀਆਂ ਹਨ। ਇਸ ਕਰਕੇ ਅਜੇਹੇ ਨਾਵਲਾਂ ਦਾ ਆਪਣੇ ਨਾਵਲੀ ਇਤਿਹਾਸ ਵਿਚ ਕੋਈ ਵੱਡੀ ਪਹਿਚਾਣ ਬਣਾ ਸਕਣਾ ਅਸੰਭਵ ਹੁੰਦਾ ਹੈ।

ਜਸਬੀਰ ਭੁੱਲਰ ਦਾ ਨਾਵਲ **ਖਿੱਦੋ** ਵੀ 2021 ਵਿਚ ਪ੍ਰਕਾਸ਼ਿਤ ਹੋਇਆ ਹੈ। ਇਹ ਵੀ ਇਕ ਲੰਮੀ ਕਹਾਣੀ ਦੇ ਰੂਪ ਵਾਂਗ ਸਾਹਿਤਕ ਹਲਕਿਆਂ ਦੇ ਕੁਝ ਨਾਮਵਰ ਬੰਦਿਆਂ ਸੰਬੰਧੀ ਬਦਖੋਈ ਦਾ ਬਿਰਤਾਂਤ ਰੂਪ ਹੈ। ਇਸ ਵਿਚੋਂ ਪੰਜਾਬੀ ਸਾਹਿਤ ਜਗਤ ਦੇ ਅਜੇਹੇ ਨਾਮਵਰ ਬੰਦਿਆਂ ਦੇ ਨਕਸ਼ ਸਹਿਜੇ ਹੀ ਪਛਾਣੇ ਜਾ ਸਕਦੇ ਹਨ। ਉੱਚ ਵਿਦਿਅਕ ਹਲਕਿਆਂ ਵਿਚ ਭਾਵੇਂ ਇਨਾਮਾਂ ਜਾਂ ਹੋਰ ਪ੍ਰਾਪਤੀਆਂ ਲਈ ਜੁਗਾੜਬੰਦੀ ਇਕ ਆਮ ਵਰਤਾਰਾ ਹੈ, ਪਰ ਇਸ ਰਚਨਾ ਵਿਚ ਅਜੇਹੀ ਪੇਸ਼ਕਾਰੀ ਗਾਲਪਨਿਕ ਨਾ ਹੋ ਕੇ ਇਕ ਆਮ ਨਿੰਦਦੀ ਰੂਪ ਦਾ ਪ੍ਰਗਟਾ ਹੈ। ਅਜੇਹਾ ਪ੍ਰਗਟਾਵਾ ਭਾਵੇਂ ਕਿੰਨਾ ਵੀ ਵਾਸਤਵਿਕ ਜਾਂ ਤੱਥ-ਗੱਥ ਵੇਰਵਿਆਂ ਉੱਤੇ ਆਧਾਰਿਤ ਹੋਵੇ,

ਪਰ ਇਸ ਦੇ ਸਦਾ ਨਿਰਪੱਖ ਤੇ ਸੰਤੁਲਿਤ ਹੋਣ ਦੇ ਨਾਲ-ਨਾਲ ਸ਼ੁੱਧ ਗਲਪੀ ਰੂਪ ਨਾ ਬਣ ਸਕਣ ਦਾ ਵੀ ਮਸਲਾ ਬਣਿਆ ਰਹਿੰਦਾ ਹੈ। ਇਸ ਕਰਕੇ ਅਜੇਹੀਆਂ ਰਚਨਾਵਾਂ ਸਾਹਿਤ ਪਿੜ ਵਿਚ ਛੇਤੀ ਹੀ ਸਿੱਥਲ ਹੋ ਜਾਂਦੀਆਂ ਹਨ।

ਉਪਰੋਕਤ ਵਧੇਰੇ ਨਾਵਲਾਂ ਵਿਚ ਮੌਜੂਦਾ ਸਮਿਆਂ ਦੀਆਂ ਵੱਡੀਆਂ ਸੁਰਖੀਆਂ/ਘਟਨਾਵਾਂ ਤੇ ਸਮੱਸਿਆਵਾਂ ਪੇਸ਼ ਹੋਈਆਂ ਹਨ। ਇਹ ਨਾਵਲ ਆਪਣੇ ਸਮਿਆਂ ਦੇ ਪਰਵਾਸ ਦੇ ਦੁਖਾਂਤ, ਕੁਦਰਤੀ ਸਾਧਨਾਂ ਦੀ ਲੁੱਟ, ਕਿਸਾਨੀ ਸੰਘਰਸ਼, ਦਲਿਤ ਸਰੋਕਾਰਾਂ ਅਤੇ ਸਾਹਿਤਕ ਭ੍ਰਿਸ਼ਟਚਾਰ ਦੇ ਅਹਿਮ ਮੁੱਦਿਆਂ ਨਾਲ ਜੁੜਿਆ ਹੋਇਆ ਹੈ। ਕੁਝ ਨਾਵਲਕਾਰਾਂ ਨੇ ਮਨੁੱਖੀ ਜੀਵਨ ਨੂੰ ਆਪਣੇ ਇਤਿਹਾਸ-ਮਿਥਿਹਾਸ ਦੇ ਹਵਾਲਿਆਂ ਨਾਲ ਕੁਝ ਵੱਖਰੀ ਤਰ੍ਹਾਂ ਸਮਝਣ-ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲਕਾਰ ਬਿਨਾਂ ਕਿਸੇ ਰਾਜਸੀ ਜਾਂ ਵਿਸ਼ੇਸ਼ ਵਿਚਾਰਧਾਰਾਈ ਤਰਜੀਹ ਦੇ ਆਪਣੇ ਲੋਕਾਂ ਨਾਲ ਸੁਹਿਰਦ ਤੇ ਮਾਨਵੀਂ ਰੂਪ ਵਿਚ ਖਲੋਤੇ ਨਜ਼ਰ ਆਉਂਦੇ ਹਨ। ਇਹ ਸਾਰੇ ਨਾਵਲਕਾਰ ਆਪਣੀਆਂ ਕੁਝ ਹੋਰ ਪਹਿਲੀਆਂ ਰਚਨਾਵਾਂ ਕਾਰਨ ਗਲਪ ਦੇ ਖੇਤਰ ਵਿਚ ਸਥਾਪਤ ਨਾਮ ਹਨ। ਇਹ ਆਪਣੀਆਂ ਕੁਝ ਵਿਸ਼ੇਸ਼ ਚੋਣਵੀਆਂ ਰਚਨਾਵਾਂ ਕਾਰਨ ਆਪਣੀ ਗਲਪਕਾਰੀ ਦੀ ਧਾਕ ਪਹਿਲਾਂ ਹੀ ਮੰਨਵਾ ਚੁੱਕੇ ਹਨ। ਪਰ ਹਰ ਰਚਨਾਕਾਰ ਤੋਂ ਉਸਦੀ ਹਰ ਰਚਨਾ ਦੇ ਉੱਚ-ਮਿਆਰੀ ਹੋਣ ਦੀ ਆਸ ਰੱਖਣੀ ਵੀ ਠੀਕ ਨਹੀਂ ਹੈ। ਵਿਸ਼ਵ ਭਰ ਦੇ ਨਾਮਵਰ ਸਾਹਿਤਕਾਰਾਂ ਦੀਆਂ ਵੀ ਕੁਝ-ਕੁ ਰਚਨਾਵਾਂ ਹੀ ਸ਼ਾਹਕਾਰ ਹੋਣ ਦਾ ਦਰਜ਼ਾ ਰੱਖਦੀਆਂ ਹਨ। ਸਾਡੇ ਉਪਰੋਕਤ ਕੁਝ ਨਾਵਲਕਾਰ ਆਪਣੇ ਨਾਵਲਾਂ ਨੂੰ ਧੜਾ-ਧੜ ਛਪਵਾਉਣ ਦੀ ਕਾਹਲ ਵਿਚ ਨਜ਼ਰ ਆਉਂਦੇ ਹਨ। ਅਜੇਹੀ ਕਾਹਲ ਕਈ ਵਾਰ ਰਚਨਾਵਾਂ ਦੇ ਕਲਾਤਮਿਕਤਾ ਸੰਬੰਧੀ ਖ਼ਤਰਾ ਬਣ ਜਾਂਦੀ ਹੈ। ਸਾਡੇ ਇਨ੍ਹਾਂ ਨਾਵਲਕਾਰਾਂ ਦੀ ਨਿਰੰਤਰ ਰੂਪ ਵਿਚ ਮਾਰਕੀਟ ਵਿਚ ਹਾਜ਼ਰ (ਜਾਂ ਛੱਪਦੇ) ਰਹਿਣ ਦੀ ਜਿੱਦ ਹੀ ਨਾਵਲੀ ਮਿਆਰ ਲਈ ਸਮੱਸਿਆ ਬਣੀ ਹੋਈ ਹੈ। ਇਹੀ ਵਜ੍ਹਾ ਹੈ ਕਿ ਪਿਛਲੇ ਸਾਲਾਂ ਵਿਚ ਬਹੁਤੇ ਛਪੇ ਨਾਵਲਾਂ ਵਿਚੋਂ ਸਮਾਜਕ ਮਹੱਤਤਾ ਅਤੇ ਕਲਾ-ਪੱਖ ਤੋਂ ਕੁਝ-ਕੁ-ਰਚਨਾਵਾਂ ਉੱਤੇ ਹੀ ਗੁਣਾ ਪੈਂਦਾ ਹੈ।

◈